
ਮਹਾਂਕਵੀ ਸੰਤਰੇਣ





ਪਿਆਰਾ ਸਿੰਘ ਪਦਮ

ਇਸ ਕਲਮ ਤੋਂ—

ਪੰਜਾਬੀ ਬਾਰਾਂਮਾਹੇ	ਹਾਸ਼ਮ ਰਚਨਾਵਲੀ
ਪੰਜਾਬੀ ਵਾਰਾਂ	ਸੋਹਣੀ ਹਾਸ਼ਮ
ਪੰਜਾਬੀ ਕਵੀ	ਹੀਰ ਭਗਵਾਨ ਸਿੰਘ
ਪੰਜਾਬੀ ਬੋਲੀ ਦਾ ਇਤਿਹਾਸ	ਹੀਰ ਕਿਸ਼ਨ ਸਿੰਘ
ਗੁਰਮੁਖੀ ਲਿਪੀ ਦਾ ਇਤਿਹਾਸ	ਸਾਡੇ ਗੁਰਦੇਵ
ਹਿੰਦੁਸਤਾਨੀ ਕਵੀ	ਸੋਲਾਂ ਕਲਾਂ
ਹਿੰਦੁਸਤਾਨੀ ਕਵਿਤਾ	ਸੰਖੇਪ ਸਿਖ ਇਤਿਹਾਸ
ਹਿੰਦੁਸਤਾਨੀ ਕਲਾ	ਪੰਜਾਬੀ ਮਹਾਰਾਜਾ
ਪੁਸ਼ਪਾਂਜਲੀ	ਮਾਲੀ (ਅਨੁਵਾਦ)
ਮਹਾਂ ਕਵੀ ਸੰਤੋਖ ਸਿੰਘ	ਪੰਛੀ ,,
ਗੁਰਬਾਣੀ ਕੋਸ਼	ਆਜ਼ਾਦੀ ,,

੧੯੫੯ ਕੀਮਤ ੧)

ਮਹਾਂ ਕਵੀ ਸੰਤਰੇਣ

ਜੀਵਨ ਤੇ ਰਚਨਾ
ਮਾਝਾਂ
ਸੀਹਰਫੀਆਂ

ਦੋ ਸ਼ਬਦ

ਪ੍ਰਾਚੀਨ ਸਾਹਿਤ ਦੀ ਸੰਭਾਲ ਸਮੇਂ ਦੀ ਸਭ ਤੋਂ ਜ਼ਰੂਰੀ ਮੰਗ ਹੈ। ਇਸ ਤੋਂ ਬਿਨਾ ਅਸੀਂ ਆਪਣੇ ਸਾਹਿਤ ਜਾਂ ਕਿਸੇ ਸਾਹਿਤਕਾਰ ਦੀ ਇਤਿਹਾਸਕ ਵਿਕਾਸ ਵਿਚ ਸਹੀ ਕੀਮਤ ਨਹੀਂ ਥਾਪ ਸਕਦੇ। ਹੁਣ ਜਦੋਂ ਕਿ ਪੰਜਾਬੀ ਜ਼ਬਾਨ ਦੇ ਭਾਗ ਜਾਗੇ ਹਨ, ਇਸ ਨੂੰ ਸਿਖਿਆ-ਪਰਣਾਲੀ ਤੇ ਸਰਕਾਰੇ ਦਰਬਾਰੇ ਅਪਣੀ ਯੋਗ ਪਦਵੀ ਮਿਲਣ ਲਗੀ ਹੈ, ਤਾਂ ਜ਼ਰੂਰੀ ਹੈ ਕਿ ਅਸੀਂ ਇਸ ਦੇ ਪੁਰਾਣੇ ਖ਼ਜ਼ਾਨੇ ਢੂੰਡੀਏ ਤੇ ਇਸ ਦੀ ਅਮੀਰੀ ਲੋਕਾਂ ਸਾਹਮਣੇ ਲਿਆਈਏ।

ਖੋਜੀ ਸੱਜਣ ਜਾਣਦੇ ਹਨ ਕਿ ਅਜੇ ਤਕ ਪਰਾਚੀਨ ਪੰਜਾਬੀ ਵਾਰਤਕ ਤੇ ਕਵਿਤਾ ਦੀਆਂ ਸੈਂਕੜੇ ਰਚਨਾਵਾਂ ਹੱਥ-ਲਿਖਤ ਰੂਪ ਵਿਚ ਹੀ ਪਈਆਂ ਹਨ ਤੇ ਉਨ੍ਹਾਂ ਨੂੰ ਛਾਪੇਖਾਨੇ ਦੇ ਦਰਸ਼ਨ ਨਸੀਬ ਨਹੀਂ ਹੋਏ, ਬਹੁਤ ਸਾਰੀਆਂ ਚੀਜ਼ਾਂ ਕਾਗ਼ਜ਼-ਕੀਟਾਣੂਆਂ ਦੀ ਖੁਰਾਕ ਬਣ ਕੇ ਸਾਥੋਂ ਸਦਾ ਲਈ ਗੁਆਚ ਗਈਆਂ ਹਨ। ਹੁਣ ਲੋੜ ਹੈ ਕਿ ਬਚਦੇ ਸਾਹਿਤ ਦੀ ਸਮੇਂ ਸਿਰ, ਸਹੀ ਤਰ੍ਹਾਂ ਸੰਭਾਲ ਕੀਤੀ ਜਾਵੇ।

ਬਾਵਾ ਸੰਤਰੇਣ ਜੀ ਉੱਨੀਵੀਂ ਸਦੀ ਦੇ ਪੰਜਾਬ ਦੇ ਇਕ ਮਹਾਨ ਵਿਅਕਤੀ ਹੋਏ ਹਨ, ਜਿਨ੍ਹਾਂ ਹਿੰਦੀ ਵਿਚ 'ਗੁਰੂ ਨਾਨਕ ਵਿਜੈ' ਇਤਿ-ਹਾਸਕ ਮਹਾਂ ਕਾਵਿ ਲਿਖ ਕੇ ਆਪਣੀ ਕਲਾ ਦੇ ਚਮਤਕਾਰ ਦਿਖਾਏ ਹਨ। ਇਨ੍ਹਾਂ ਦੀ ਪੰਜਾਬੀ ਰਚਨਾ ੫੫੧ ਮਾਝਾਂ ਤੇ ਚਾਰ ਸੀਹਰਫੀਆਂ ਹਨ ਜੋ ਅਜੇ ਤਕ ਸੰਪੂਰਨ ਰੂਪ ਵਿਚ ਪ੍ਰਕਾਸ਼ਤ ਨਹੀਂ ਹੋਈਆਂ। ਸਾਹਿਤ-ਪ੍ਰੇਮੀਆਂ ਦੇ ਲਾਭ ਲਈ ਇਸ ਨੂੰ ਇਕ ਹਥ-ਲਿਖਤ ਖਰੜੇ ਤੋਂ ਉਤਾਰ ਕੇ ਅਗੇ ਦਿਤਾ ਜਾ ਰਿਹਾ ਹੈ ਤਾਂ ਕਿ ਅਸੀਂ ਉਨ੍ਹਾਂ ਦੀ ਰਚਨਾ ਦਾ ਸੁਆਦ ਮਾਣ ਸਕੀਏ ਤੇ ਅਪਣੇ ਸਾਹਿਤ ਦੇ ਇਤਿਹਾਸ ਵਿਚ ਉਨ੍ਹਾਂ ਨੂੰ ਯੋਗ ਥਾਂ ਦੇ ਸਕੀਏ।

ਪਿਆਰਾ ਸਿੰਘ ਪਦਮ

ਕਲਮ ਮੰਦਰ, ਪਟਿਆਲਾ]

ਮਹਾਂ ਕਵੀ ਮੰਤਰੇਣ—ਜੀਵਨ ਤੇ ਰਚਨਾ

ਪੰਜਾਬੀ ਸਾਹਿਤ ਦੇ ਸਿਰਜਣਹਾਰਾਂ ਵਿਚ ਕਈ ਅਜੇਹੇ ਅਮੋਲਕ ਰਤਨ ਹਨ ਜਿਨ੍ਹਾਂ ਦੀਆਂ ਰਚਨਾਵਾਂ ਅਜੇ ਤਕ ਨਾ ਤਾਂ ਛਪੀਆਂ ਹਨ ਤੇ ਨਾ ਹੀ ਸਾਡੇ ਸਾਹਿਤ ਦੇ ਇਤਿਹਾਸਾਂ 'ਚ ਉਨ੍ਹਾਂ ਦਾ ਕੋਈ ਜ਼ਿਕਰ ਹੀ ਮਿਲਦਾ ਹੈ। ਸ੍ਰੀ ਮੰਤਰੇਣ ਜੀ ਅਜਿਹੇ ਮਹਾਨ ਕਵੀਆਂ ਵਿਚੋਂ ਇਕ ਸਨ, ਜਿਨ੍ਹਾਂ ਚੰਗੀ ਸੋਹਣੀ ਤੇ ਚੋਖੀ ਪੰਜਾਬੀ ਰਚਨਾ ਕੀਤੀ ਪਰ ਉਹ ਛਾਪੇ ਦਾ ਜਾਮਾ ਨਾ ਪਹਿਨ ਸਕਣ ਕਾਰਨ ਆਮ ਪੰਜਾਬੀ ਪਾਠਕਾਂ ਤਕ ਨਹੀਂ ਪਹੁੰਚ ਸਕੀ ਤੇ ਨਾ ਹੀ ਉਨ੍ਹਾਂ ਬਾਰੇ ਕੋਈ ਖੋਜ ਹੋਈ।

ਜੀਵਨ

ਮੰਤਰੇਣ ਨਾਂ ਦੇ ਕਈ ਵਿਅਕਤੀ ਹੋਏ ਹਨ। ਇਕ ਮੰਤਰੇਣ ਨਾਮੀ ਮਹਾਂ ਪੁਰਸ਼ ਦਾ ਜ਼ਿਕਰ ਗੁਰੂ ਨਾਨਕ ਸਾਹਿਬ ਦੇ ਜੀਵਨ ਵਿਚ ਆਉਂਦਾ ਹੈ। ਖਰਾ ਸੌਦਾ ਕਰਦਿਆਂ ਗੁਰੂ ਸਾਹਿਬ ਨੇ ਜਿਸ ਸਾਧੂ ਮੰਡਲੀ ਨੂੰ ਭੋਜਨ ਛਕਾਇਆ ਸੀ, ਉਸ ਦੇ ਸ੍ਰੀ ਮਹੰਤ 'ਮੰਤਰੇਣ' ਜੀ ਸਨ। ਜਦੋਂ ਗੁਰੂ ਸਾਹਿਬ ਨੇ ਨਾਂ ਪੁਛਿਆ ਤਾਂ ਉਨ੍ਹਾਂ ਜਵਾਬ ਦਿਤਾ :

'ਮੰਤਰੇਣ ਹੈ ਨਾਮ ਹਮਾਰਾ, ਸ੍ਰੀ ਗੁਰ ਬਚ ਸੋਂ ਧਰਿਓ ਸੁਧਾਰਾ।
ਦੀਨ ਗਰੀਬੀ ਕੇ ਸਿਰਪਾਊ, ਸੁਜਸ ਜਾਸ ਬਹੁ ਵਧਤਿ ਪ੍ਰਭਾਊ। ੬੮।
(ਗੁਰੂ ਨਾਨਕ ਪ੍ਰਕਾਸ਼, ਪੂਰਬਾਰਧ, ਅਧਿਆ ੧੪)

ਇਹ ਸਾਧੂ, ਕਵਿਤਾ ਵੀ ਕਰਦੇ ਸਨ, ਇਸ ਗੱਲ ਦਾ ਕੋਈ ਪਰਮਾਣ ਨਹੀਂ ਮਿਲਦਾ ਤੇ ਨਾ ਹੀ ਪਰਾਪਤ ਪੰਜਾਬੀ ਰਚਨਾ ਦੀ ਬੋਲੀ

ਅਜੇਹੀ ਹੈ ਜਿਸ ਨੂੰ ਅੱਜ ਤੋਂ ਚਾਰ ਪੰਜ ਸੌ ਵਰ੍ਹੇ ਦੀ ਪੁਰਾਣੀ ਪੰਜਾਬੀ ਮੰਨਿਆ ਜਾਵੇ।

ਦੂਜੇ 'ਸੰਤਰੇਣ' ਨਾਂ ਦੇ ਪਰਸਿੱਧ ਉਦਾਸੀ ਸਾਧੂ, ਸਿਖ ਰਾਜ ਦੇ ਜ਼ਮਾਨੇ ਹੋਏ ਹਨ, ਇਨ੍ਹਾਂ ਦੀਆਂ ਹਿੰਦੀ ਰਚਨਾਵਾਂ ਵੀ ਮਿਲਦੀਆਂ ਹਨ। ਇਨ੍ਹਾਂ ਦਾ ਜਨਮ ਸਿਰੀ ਨਗਰ (ਕਸ਼ਮੀਰ) ਵਿਚ ਪੰਡਤ ਹਰਿਵਲਭ ਤੇ ਮਾਤਾ ਸਾਵਿਤਰੀ ਦੇਵੀ ਦੀ ਕੁਖੋਂ ੧੭੯੮ ਬਿਕਰਮੀ ਮੁਤਾਬਕ ੧੭੪੧ ਈਸਵੀ ਵਿਚ ਹੋਇਆ। ਜੁਆਨੀ ਵਿਚ ਹੀ ਵਿਰਕਤ ਹੋ ਕੇ ਪੰਜਾਬ ਵਲ ਆਏ। ਬਾਵਾ ਸਾਹਿਬ ਦਾਸ ਉਦਾਸੀ ਸਾਧੂ ਤੋਂ ਦੀਖਿਆ ਲਈ ਤੇ ਫਿਰ ਕਾਫੀ ਸਮਾਂ ਦੱਖਣ ਵਲ ਗੁਜ਼ਾਰਿਆ। ਬਾਲਾਪੁਰ ਪੀਠ ਜ਼ਿਲਾ ਅਕੋਲ੍ਹਾ ਵਿਚ ਇਨ੍ਹਾਂ ਦਾ ਡੇਰਾ ਅਜੇ ਤਕ ਮੌਜੂਦ ਹੈ। ਇਥੋਂ ਫ਼ਿਰ ਪੰਜਾਬ ਆ ਗਏ ਤੇ ਰਿਆਸਤ ਮਲੇਰਕੋਟਲੇ ਦੇ ਪਿੰਡ ਭੂਦਨ ਵਿਚ ਜੀਵਨ ਦਾ ਬਾਕੀ ਸਾਰਾ ਸਮਾਂ ਬਿਤੀਤ ਕੀਤਾ। ਇਥੇ ਹੀ ੧੩੦ ਵਰ੍ਹੇ ਦੀ ਉਮਰ ਵਿਚ ਫੱਗਣ ਸੁਦੀ ੧੨, ਸੰਮਤ ੧੯੨੮ ਬਿਕਰਮੀ (੧੮੭੧ ਈ:) ਵਿਚ ਆਪ ਦਾ ਦੇਹਾਂਤ ਹੋਇਆ। ਇਥੇ ਆਪ ਦੀ ਸਮਾਧ ਹੈ ਜੋ ਇਕ ਪਰੇਮਣ ਮਾਈ ਹੀਰਾ ਬਾਈ ਨੇ ਬਣਾਈ ਸੀ। ਦਸਿਆ ਜਾਂਦਾ ਹੈ ਕਿ ਹਰਦੁ-ਆਰ ਦੀ ਵਹੀ ਤੇ ਆਪ ਦਾ 'ਸੰਤਰੇਣ ਅਣੂਣੀਆ' ਨਾਂ ਮਿਲਦਾ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਤਪ ਸਾਧਨਾ ਵਜੋਂ ਆਪ ਨੇ ਲੂਣ ਦੀ ਵਰਤੋਂ ਨਾਂ ਮਾਤਰ ਜਾਂ ਬਿਲਕੁਲ ਨਹੀਂ ਸੀ ਕੀਤੀ। ਇਨ੍ਹਾਂ ਦੀ ਯਾਦ ਵਿਚ ਹੀ ਭੂਦਨ ਦੇ ਡੇਰੇ ਦਾ ਨਾਂ 'ਸ੍ਰੀ ਸੰਤਰੇਣ ਆਸ਼ਰਮ' ਰਖਿਆ ਗਿਆ ਹੈ ਤੇ ਇਥੇ ਆਪ ਦੀਆਂ ਹਥ-ਲਿਖਤ ਰਚਨਾਵਾਂ ਸੁਰੱਖਿਅਤ ਹਨ। ਕਿਹਾ ਜਾਂਦਾ ਹੈ ਕਿ ਗੁਜਰਾਂਵਾਲੇ ਵੀ ਆਪ ਦਾ ਇਕ ਡੇਰਾ ਸੀ ਤੇ ਮ: ਰਣਜੀਤ ਸਿੰਘ ਨੇ ਇਸ ਡੇਰੇ ਦੇ ਨਾਂ ਦੋ ਪਿੰਡ ਲਾਏ ਹੋਏ ਸਨ। ਭੂਦਨ ਦੇ ਡੇਰੇ ਵਿਚ ਪਈਆਂ ਹੱਥਲਿਖਤੀ ਰਚਨਾਵਾਂ ਇਹ ਹਨ: ੧-ਸ੍ਰੀ ਗੁਰ

ਨਾਨਕ ਵਿਜੈ ੨-ਮਨ ਪ੍ਰਬੋਧ ੩-ਅਨਭੈ ਅੰਮ੍ਰਿਤ (ਬਚਨ-ਸੰਗ੍ਰਹਿ) ੪- ਸ੍ਰੀ ਗੁਰੂ ਨਾਨਕ ਬੋਧ ੫-ਉਦਾਸੀ ਬੋਧ।

'ਗੁਰੂ ਨਾਨਕ ਵਿਜੈ' ਬਹੁਤ ਵੱਡਾ ਹਿੰਦੀ ਗ੍ਰੰਥ ਹੈ ਜਿਸ ਦੇ ੨੪ ਹਜ਼ਾਰ ਤੋਂ ਉਤੇ ਛੰਦ ਹਨ, ਬਾਕੀ ਰਚਨਾਵਾਂ ਛੋਟੀਆਂ ਛੋਟੀਆਂ ਹਨ। ਇਨ੍ਹਾਂ ਵਿਚੋਂ 'ਸ੍ਰੀ ਸੰਤਰੇਣ ਆਸ਼ਰਮ ਭੂਦਨ' ਵਲੋਂ ਹੁਣੇ ਦੋ ਪੁਸਤਕਾਂ 'ਮਨ ਪ੍ਰਬੋਧ' ਤੇ 'ਅਨਭੈ ਅੰਮ੍ਰਿਤ' ਇਕੋ ਜਿਲਦ ਵਿਚ ਪਰਕਾਸ਼ਤ ਕੀਤੀਆਂ ਗਈਆਂ ਹਨ, ਬਾਕੀ ਅਜੇ ਅਣਛਪੀਆਂ ਹੀ ਹਨ।

ਸੰਤਰੇਣ ਜੀ ਦੀਆਂ ਕਈ ਫੁਟਕਲ ਹਿੰਦੀ ਪੰਜਾਬੀ ਰਚਨਾਵਾਂ ਦਾ ਇਕ ਹੱਥ-ਲਿਖਤ ਖਰੜਾ ਮੇਰੇ ਪਾਸ ਹੈ ਜੋ ਕਿ ਆਮ ਕਾਪੀ ਸਾਈਜ਼ ਦਾ ਹੈ। ਇਸ ਦੇ ਕੁਲ ੩੨੫ ਪੰਨੇ ਹਨ। ੩੧੪ ਪੰਨੇ ਉਤੇ ਲਿਖਿਆ ਹੈ:

'ਸੰਮਤ ੧੮੯੮ ॥ ਸੰ: ੧੯੮੯ ॥

ਲਿਖਾਰੀ ਦੀਵਾਨ ਸਿੰਘ ਭਜਾਨਾਂ ਮਿਘਆਨਾ ਝੰਗ ॥'

ਪਹਿਲਾ ਸੰਮਤ ੧੮੯੮ (੧੮੪੧ ਈਸਵੀ) ਸ਼ਾਇਦ ਰਚਨਾ ਕਾਲ ਯਾ ਪਹਿਲੇ ਖਰੜੇ ਦਾ ਲਿਖਣ-ਕਾਲ ਹੈ ਤੇ ਦੂਜਾ ੧੯੮੯ (੧੯੩੨ ਈਸਵੀ) ਦੀਵਾਨ ਸਿੰਘ ਲਿਖਾਰੀ ਦੇ ਉਤਾਰਾ ਕਰਨ ਦਾ ਸਮਾਂ ਦਸਦਾ ਹੈ। ਇਸ ਖਰੜੇ ਵਿਚ 'ਗੁਰ ਮਹਿਮਾ', ਗੁਰ ਗਿਆਨ ਮਹਾਤਮ, ਵੈਰਾਗ ਛੰਦ. 'ਗਿਆਨ ਛੰਦ', ਗੁਰਸਿਖ ਸੰਥਾ ਫਲ ਰੂਪ ਭਜਨ. 'ਦੋਹਟੇ ਸਾਧ ਗੀਤ ਕੇ', 'ਰਾਜਨੀਤ', 'ਕਾਯਾ ਮਹਾਤਮ' 'ਚੋਹਰੇ ਸਿਧਾਂਤ ਕੇ' 'ਸ਼ਬਦ', 'ਕਬਿਤ ਮਗਨ ਰਸ ਭੇਦ ਕੇ', 'ਰੇਖ਼ਤੇ', 'ਝੂਲਣੇ', ਗੁਰਸਿਖ ਸੰਬਾਦ' (ਵਾਰਤਕ), 'ਸੀਹਰਫੀਆਂ',

'ਮਾਝਾਂ', ਤੇ 'ਸਾਧਾਂ ਦੇ ਲਖਣਾਂ ਦੀਆਂ ਮਾਝਾਂ' ਆਦਿ ਰਚਨਾਵਾਂ ਹਨ। ੩੧੪ ਪੰਨੇ ਉਤੇ ਸੰਤਰੇਣ ਜੀ ਦੀਆਂ ਰਚਨਾਵਾਂ ਸਮਾਪਤ ਹੋ ਜਾਂਦੀਆਂ ਹਨ ਤੇ ਬਾਕੀ ਦੇ ਅਖੀਰਲਿਆਂ ਪੰਨਿਆਂ ਵਿਚ ਬਨਵਾਰੀ ਦਾਸ ਰਚਿਤ ੨੧ ਛਪੈ ਦਰਜ ਕੀਤੇ ਹੋਏ ਹਨ।

ਇਨ੍ਹਾਂ ਰਚਨਾਵਾਂ ਤੋਂ ਇਲਾਵਾ ਇਕ ਇਨ੍ਹਾਂ ਦਾ ਜਪੁਜੀ ਦਾ ਟੀਕਾ ਵੀ ਦਸਿਆ ਜਾਂਦਾ ਹੈ।

ਇਸ ਸੰਗ੍ਰਹਿ ਵਿਚ ਚਾਰ ਸੀਹਰਫੀਆਂ ਤੇ ਡੇਢ ਸੌ ਤੋਂ ਉਤੇ ਮਾਝਾਂ ਨਿਰੋਲ ਠੇਠ ਪੰਜਾਬੀ ਵਿਚ ਹਨ ਤੇ ਬਾਕੀ ਰਚਨਾ ਜ਼ਿਆਦਾਤਰ ਸਰਲ ਹਿੰਦੀ ਵਿਚ ਹੈ। ਵਿਸ਼ਾ, ਸਾਰੀਆਂ ਰਚਨਾਵਾਂ ਦਾ ਹੀ ਅਧਿਆਤਮਕ ਹੈ ਅਤੇ ਰੱਬੀ ਪ੍ਰੀਤ ਨੂੰ ਵੇਦਾਂਤੀ ਤੇ ਸੂਫੀ ਰੰਗ ਨਾਲ ਵਰਨਣ ਕੀਤਾ ਗਿਆ ਹੈ।

ਸ੍ਰੀ ਸੰਤਰੇਣ ਆਸ਼ਰਮ ਭੂਦਨ ਦੇ ਮਹੰਤ ਮੁਕਤ ਰਾਮ ਜੀ ਤੋਂ ਜ਼ਬਾਨੀ ਪੁਛਣ ਤੋਂ ਪਤਾ ਲਗਾ ਹੈ ਕਿ ਉਨ੍ਹਾਂ ਪਾਸ ਸੰਤਰੇਣ ਜੀ ਦੀ ਪੰਜਾਬੀ ਰਚਨਾ ਕੋਈ ਨਹੀਂ, ਕੇਵਲ ਉਹੋ ਪੰਜੇ ਰਚਨਾਵਾਂ ਹਨ ਜਿਨ੍ਹਾਂ ਦਾ ਕਿ ਪਿਛੇ ਜ਼ਿਕਰ ਕੀਤਾ ਗਿਆ ਹੈ। ਮੇਰੇ ਵਾਲੇ ਹਥ-ਲਿਖਤ ਖਰੜੇ ਵਿਚਲੀ ਹਿੰਦੀ ਰਚਨਾ ਤੇ ਮਨ ਪ੍ਰਬੋਧ ਅਤੇ ਅਨਭੈ ਅੰਮ੍ਰਿਤ ਆਦਿ ਦੀ ਬੋਲੀ ਤੇ ਸ਼ੈਲੀ ਮਿਲਾਇਆਂ ਇਸ ਸਿਟੇ ਤੇ ਪਹੁੰਚੀਦਾ ਹੈ ਕਿ ਇਨ੍ਹਾਂ ਦਾ ਕਰਤਾ ਇਕੋ ਕਵੀ ਹੈ। ਪੰਜਾਬੀ ਰਚਨਾ ਦੇ ਪਾਠ ਤੋਂ ਵੀ ਇਹ ਗੱਲ ਭਲੀ ਭਾਂਤ ਪਰਗਟ ਹੈ ਕਿ ਇਸ ਦਾ ਰਚਨਹਾਰ ਕੋਈ ਉਚੇ ਸੁਚੇ ਤੇ ਹੰਢੇ-ਵੰਢੇ ਜੀਵਨ ਵਾਲਾ ਪਰਸਿਧ ਮਹਾਂ ਪੁਰਸ਼ ਸੀ। ਸੰਤਾਂ ਸਾਧਾਂ ਬਾਰੇ ਲਿਖੀਆਂ ਮਾਝਾਂ ਵੀ ਇਸ ਗੱਲ ਦੀ ਗਵਾਹੀ ਹਨ ਕਿ ਕਰਤਾ ਨੂੰ ਸੰਤਗੀਰੀ ਜੀਵਨ ਦਾ ਲੰਮਾ ਤਜਰਬਾ ਹਾਸਲ ਸੀ। ਇਨ੍ਹਾਂ ਗੱਲਾਂ ਤੋਂ ਇਹੋ

ਨਤੀਜਾ ਨਿਕਲਦਾ ਹੈ ਕਿ ਇਹ ਇਕੋ ਮਹਾਨ ਕਵੀ ਸੰਤਰੇਣ ਸਨ, ਜਿਨ੍ਹਾਂ ਨੇ ਹਿੰਦੀ ਤੇ ਪੰਜਾਬੀ ਦੀਆਂ ਰਚਨਾਵਾਂ ਕੀਤੀਆਂ। ਹਿੰਦੀ ਵਾਂਙ ਪੰਜਾਬੀ ਰਚਨਾ ਵਿਚ ਵੀ ਸੰਤਰੇਣ ਜੀ ਨੇ ਆਪਣੇ ਰੱਬੀ ਪਿਆਰ ਦੇ ਗੀਤ ਗਾਏ ਹਨ, ਜਿਨ੍ਹਾਂ ਦਾ ਲਹਿਜਾ ਸਹਿਜੇ ਹੀ ਸ਼ਾਹ ਹੁਸੈਨ ਤੇ ਬੁਲ੍ਹੇਸ਼ਾਹ ਦੀਆਂ ਕਾਫੀਆਂ ਨਾਲ ਮੇਲਿਆ ਜਾ ਸਕਦਾ ਹੈ।

ਪੰਜਾਬੀ ਰਚਨਾ

ਮਹਾਂ ਕਵੀ ਸੰਤਰੇਣ ਜੀ ਦੀ ਜੋ ਪੰਜਾਬੀ ਰਚਨਾ ਮਿਲਦੀ ਹੈ, ਉਹ ਚਾਰ ਸੀਹਰਫੀਆਂ ਤੇ ਲਗਭਗ ਡੇਢ ਸੌ ਤੋਂ ਉਤੇ ਮਾਝਾਂ ਹਨ। ਵਾਰ ਤੇ ਬਾਰਾਂਮਾਹ ਵਾਂਙ ਮਾਝ ਵੀ ਪੰਜਾਬੀ ਦਾ ਇਕ ਪੁਰਾਣਾ ਕਾਵਿ-ਰੂਪ ਹੈ, ਜੋ ਸ਼ਾਇਦ ਪੰਜਾਬ ਦੇ ਇਕ ਵਿਸ਼ੇਸ਼ ਰਾਗ ਮਾਝ ਦੇ ਨਾਂ ਤੋਂ ਪ੍ਰਚਲਤ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮਾਝ ਰਾਗ ਦੀ ਵਰਤੋਂ ਹੈ ਪਰ ਮਾਝ ਕਾਵਿ-ਰੂਪ ਨਹੀਂ ਮਿਲਦਾ। ਇਸ ਤੋਂ ਅਸੀਂ ਇਸ ਨਤੀਜੇ ਉਤੇ ਪਹੁੰਚਦੇ ਹਾਂ ਕਿ ਜੇਕਰ ਉਸ ਸਮੇਂ ਸਾਹਿਤਕ ਖੇਤਰ ਵਿਚ ਮਾਝ ਕਾਵਿ-ਰੂਪ ਦੀ ਵਰਤੋਂ ਹੁੰਦੀ ਤਾਂ ਗੁਰੂ ਸਾਹਿਬ ਜ਼ਰੂਰ ਉਸ ਦਾ ਪਰਯੋਗ ਕਰਦੇ। ਸੋ ਪਰਤੀਤ ਹੁੰਦਾ ਹੈ, ਇਹ ਕਾਵਿ-ਰੂਪ ਸਤਾਰਵੀਂ ਸਦੀ ਅੰਦਰ ਵਜੂਦ ਵਿਚ ਆਇਆ। ਕਈ ਕੁ ਵਿਚਾਰਵਾਨਾਂ ਦਾ ਇਹ ਵੀ ਖਿਆਲ ਹੈ ਕਿ ਮੱਝੀਆਂ ਦੇ ਛੇੜੂ ਪੰਜਾਬੀ ਮੁੰਡੇ ਇਕ ਖਾਸ ਹੇਕ ਨਾਲ ਗੀਤ ਗਾਉਂਦੇ ਸਨ, ਜਿਸ ਨੂੰ 'ਮਾਝ' ਕਿਹਾ ਜਾਂਦਾ ਸੀ ਅਤੇ ਇਸੇ ਤਰਜ਼ ਉਤੇ ਲਿਖੀ ਗਈ ਕਾਵਿ ਰਚਨਾ 'ਮਾਝ' ਅਖਵਾਈ। ਵੈਸੇ ਮਾਝ ਗਾਉਣ ਦਾ ਸਭ ਤੋਂ ਪੁਰਾਣਾ ਜ਼ਿਕਰ 'ਹੀਰ ਮੁਕਬਲ' ਵਿਚ ਮਿਲਦਾ ਹੈ। ਕਵੀ ਕਹਿੰਦਾ ਹੈ ਕਿ ਜਦੋਂ ਰਾਂਝੇ ਨੇ 'ਮਾਝ' ਕੂਕੀ ਤਾਂ ਮੱਝੀਆਂ ਤੇ ਹੀਰ ਦਾ ਮਨ ਮੋਹ ਲਿਆ:

ਸੁਣੀ ਵੰਝਲੀ ਦੁਖਾਂ ਨੂੰ ਹਾਲ ਆਇਆ,
ਡਿਗ ਪਏ ਪੰਖੇਰੂ ਜਾਂ 'ਮਾਝ' ਕੂਕੀ।

ਜਾਂ

ਰਾਂਝੇ ਵੰਝਲੀ ਵਾਹ ਕੇ 'ਮਾਝ' ਕੂਕੀ,

ਜੀਉ ਹੀਰ ਦਾ ਆਪਣੇ ਵਸ ਕੀਤਾ ।

ਮੁਕਬਲ ਨੇ ੧੭੪੬ ਈ: ਵਿਚ 'ਹੀਰ' ਲਿਖੀ ਸੀ । ਇਸਦਾ ਭਾਵ ਇਹ ਹੈ ਕਿ ਅਠਾਰਵੀਂ ਸਦੀ ਵਿਚ ਮਾਝ ਗੀਤ-ਰੂਪ ਲੋਕਾਂ ਵਿਚ ਆਮ ਪ੍ਰਚਲਤ ਸੀ ਤੇ ਇਸੇ ਲੋਕ-ਤਰਜ਼ ਦੇ ਅਧਾਰ ਤੇ ਕਵੀਆਂ ਨੇ ਮਾਝ ਲਿਖਣ ਦੀ ਪਿਰਤ ਪਾਈ । ਏਸ ਸਮੇਂ ਵਿਚ ਬਹੁਤ ਸਾਰੇ ਕਵੀਆਂ ਮਾਝਾਂ ਲਿਖੀਆਂ ਜਿਵੇਂ ਖਿਹਾਰੀ, ਗੁਆਲ, ਚੂਹੜ, ਆਡਾ, ਲਾਲਦਾਸ, ਕਸੋ, ਗੁਨਕਾਰੀ, ਬਾਕੀ, ਸੰਤਦਾਸ, ਸੇਵਾ ਦਾਸ, ਮਨਹਰ ਦਾਸ, ਸਾਵਣਯਾਰ ਤੇ ਬੁਧ ਸਿੰਘ ਆਦਿ ਕਿਤਨੇ ਹੀ ਕਵੀਆਂ ਦੀਆਂ ਮਾਝਾਂ ਪੁਰਾਣੇ ਖਰੜਿਆਂ ਵਿਚ ਮਿਲ-ਦੀਆਂ ਹਨ । ਮਾਝ ਦੀ ਖਾਸ ਖੂਬੀ ਇਹ ਹੈ ਕਿ ਇਸ ਵਿਚ ਆਮ ਤੌਰ ਤੇ ਵਿਛੋੜੇ ਦਾ ਦਰਦ ਗਾਇਆ ਜਾਂਦਾ ਹੈ ਤੇ ਛੰਦ-ਪਰਬੰਧ ਲਗਭਗ ਦਵਈਏ ਵਾਲਾ ਹੁੰਦਾ ਹੈ । ਇਸੇ ਤਰ੍ਹਾਂ ਸੀਹ-ਰਫੀ ਕਾਵਿਰੂਪ ਪੰਜਾਬੀ ਸਾਹਿਤ ਨੂੰ ਮੁਸਲਮ ਕਵੀਆਂ ਦੀ ਦੇਣ ਹੈ, ਜੋ ਫਾਰਸੀ ਵਰਣਮਾਲਾ ਦੇ ਅਧਾਰ ਤੇ ਕਾਵਿ-ਰਚਨਾ ਕਰਦੇ ਸਨ । ਸੰਤਰੇਣ ਜੀ ਨੇ ਕੇਵਲ ਇਕ ਸੀਹਰਫੀ ਬੈਂਤਾਂ ਵਿਚ ਲਿਖੀ ਹੈ ਤੇ ਬਾਕੀ ਸੀਹਰਫੀਆਂ ਵੀ ਉਸੇ ਮਾਝ ਵਾਲੀ ਚਾਲ ਵਿਚ ਹੀ ਰਚੀਆਂ ਹਨ । ਇਸ ਤੋਂ ਸਪਸ਼ਟ ਹੈ ਕਿ ਇਹ ਛੰਦ-ਚਾਲ ਉਨ੍ਹਾਂ ਨੂੰ ਕਿੰਨੀ ਪਿਆਰੀ ਸੀ । ਹਾਸ਼ਮ ਦੀ ਬਹੁਤੀ ਰਚਨਾ ਵੀ ਇਸੇ ਪਰੰਪਰਾ ਨੂੰ ਪ੍ਰਗਟ ਕਰਦੀ ਲਗਦੀ ਹੈ ।

ਕਾਵਿ ਕਲਾ

ਸੰਤਰੇਣ ਰਹੱਸਵਾਦੀ ਸ਼ਰੇਣੀ ਦਾ ਕਵੀ ਹੈ ਤੇ ਉਸਦੀ ਕਵਿਤਾ ਤੋਂ ਪਰਤੱਖ ਹੈ ਕਿ ਰਹੱਸਵਾਦ ਦਾ ਉਸ ਨੂੰ ਚੰਗਾ ਵੇਖਾ ਤੇ ਡੂੰਘਾ ਅਨੁਭਵ ਹੈ,

ਇਸੇ ਅਨੁਭਵ ਦੇ ਸਦਕੇ ਉਸ ਦੇ ਕਥਨ ਵਿਚ ਸਪਸ਼ਟਤਾ, ਨਿਖਾਰ ਤੇ ਇਕ ਖਾਸ ਜ਼ੋਰ ਹੈ, ਜੋ ਕਿ ਕਿਸੇ ਮਹਾਨ ਵਿਅਕਤੀ ਵਿਚ ਹੀ ਹੁੰਦਾ ਹੈ। ਆਮ ਤੌਰ ਤੇ ਰਹੱਸਵਾਦ ਤੇ ਰਹੱਸਵਾਦੀ ਕਵੀਆਂ ਬਾਰੇ ਅਜ ਕਲ ਕੁਝ ਭਰਮ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਤੇ ਉਨ੍ਹਾਂ ਨੂੰ ਕੁਝ ਹਦ ਤਕ ਬਿਨਾ ਸੋਚੇ ਸਮਝੇ ਨਿੰਦ ਵੀ ਦਿਤਾ ਜਾਂਦਾ ਹੈ, ਇਹ ਰੁਚੀ ਕੋਈ ਚੰਗੀ ਜਾਂ ਠੀਕ ਨਹੀਂ ਕਹੀ ਜਾ ਸਕਦੀ। ਰਹੱਸਵਾਦੀ ਮਹਾਂਪੁਰਸ਼ਾਂ ਜਾਂ ਕਵੀਆਂ ਨੇ ਸਭਿਆਚਾਰ ਦੇ ਨਿਰਮਾਣ ਵਿਚ ਜੋ ਨਰੋਆ ਹਿਸਾ ਪਾਇਆ ਹੈ, ਉਹ ਛੋਤੀ ਛੇਤੀ ਨਜ਼ਰਅੰਦਾਜ਼ ਕੀਤਾ ਜਾਣ ਵਾਲਾ ਨਹੀਂ। ਉਹ ਹਮੇਸ਼ਾਂ ਪ੍ਰੇਮ, ਇਕ-ਸੁਰਤਾ, ਏਕਤਾ, ਅਮਨ ਤੇ ਰਵਾਦਾਰੀ ਦਾ ਸੰਦੇਸ਼ ਦੇ ਕੇ ਜ਼ਿੰਦਗੀ ਨੂੰ ਉਤਾਂਹ ਉਠਾਉਂਦੇ ਆਏ ਹਨ। ਜ਼ਿੰਦਗੀ ਦੀ ਏਕਤਾ ਦੀ ਪਛਾਣ ਜਿਤਨੀ ਰਹੱਸਵਾਦੀਆਂ ਕੀਤੀ ਹੈ, ਉਤਨੀ ਕਿਸੇ ਹੋਰ ਨੇ ਨਹੀਂ ਕੀਤੀ। ਕਈ ਆਲੋਚਕ ਮੁਕਾਬਲੇ ਉਤੇ ਪਦਾਰਥਵਾਦ ਨੂੰ ਕੁਝ ਵਧੇਰੇ ਮਹੱਤਤਾ ਦੇਕੇ ਖੁਸ਼ ਹਨ। ਗੱਲ ਇਹ ਹੈ ਕਿ ਪਦਾਰਥਕ ਵਸਤਾਂ ਦੀ ਖੋਜ, ਪਦਾਰਥਕ ਸ਼ਕਤੀਆਂ ਦੀ ਲੱਭਤ ਤੇ ਫਿਰ ਉਸਦੀ ਮਨੁਖੀ ਤਰੱਕੀ ਲਈ ਵਰਤੋਂ ਸਚਮੁਚ ਭਲੀਆਂ ਗੱਲਾਂ ਹਨ। ਮਨੁਖ ਦਾ ਕੰਮ ਹੈ ਉਹ ਅਪਣੀ ਤੇ ਸਮਾਜ ਦੀ ਖੁਸ਼ਹਾਲੀ ਲਈ ਇਨ੍ਹਾਂ ਦਾ ਵਧ ਤੋਂ ਵਧ ਉਪਯੋਗ ਕਰੇ ਪਰ ਕੀ ਜ਼ਿੰਦਗੀ ਇਹ ਸਰੀਰਕ ਸੁਖਾਂ ਦੀ ਪਰਾਪਤੀ ਨਾਲ ਸਭ ਤਰ੍ਹਾਂ ਸੰਤੁਸ਼ਟ ਹੋ ਜਾਂਦੀ ਹੈ? ਸੰਸਾਰ ਦਾ ਇਤਿਹਾਸ ਇਸ ਗੱਲ ਦੀ ਹਾਮੀ ਨਹੀਂ ਭਰਦਾ। ਜੇ ਰਾਜ ਭਾਗ ਤੇ ਧਨ ਪਦਾਰਥ ਨਾਲ ਗੱਲ ਪੂਰੀ ਹੁੰਦੀ ਹੈ ਤਾਂ ਗੌਤਮ ਬੁਧ ਤੇ ਰਾਜੇ ਗੋਪੀ ਚੰਦ ਵਰਗੇ ਰਾਜ-ਮਹਿਲ ਨਾ ਛਡਦੇ। ਸਾਡਾ ਮਤਲਬ ਇਹ ਨਹੀਂ ਕਿ ਧਨ ਦੀ ਜ਼ਿੰਦਗੀ ਨੂੰ ਲੋੜ ਨਹੀਂ ਤੇ ਨਾ ਹੀ ਅਸੀਂ ਇਸ ਰਾਏ ਨੂੰ ਪੂਰਾ ਠੀਕ ਸਮਝਦੇ ਹਾਂ ਕਿ ਧਨ ਪਦਾਰਥ ਹੀ ਜ਼ਿੰਦਗੀ ਦੀ ਸੰਤੁਸ਼ਟਤਾ ਲਈ ਸਭ ਕੁਝ ਹੈ। ਰਹੱਸਵਾਦੀ ਲੋਕ ਇਸ ਹਕੀਕਤ ਤੋਂ ਭਲੀ ਭਾਂਤ ਜਾਣੂ ਹੋ ਕੇ ਇਕ ਨਵੇਂ ਅਨੁਭਵ ਦਾ ਚਾਨਣ ਲੋਕਾਂ ਨੂੰ ਦਿੰਦੇ ਹਨ ਤੇ ਉਹ ਚਾਨਣ ਸਦੀਆਂ ਤੋਂ

ਯੂਰਪ ਤੇ ਏਸ਼ੀਆ ਦੇ ਸਾਰੇ ਦੇਸ਼ਾਂ ਵਿਚ ਹੀ ਇਕ ਸਫਲ ਅਗਵਾਈ ਦਿੰਦਾ ਆਇਆ ਹੈ । ਸੋ ਪਦਾਰਥਕ ਖੋਜ ਦੀ ਬਹੁਲਤਾ ਕਰਕੇ ਇਤਿਹਾਸਕ ਤਜਰਬਿਆਂ ਨੂੰ ਅਣਡਿਠ ਨਹੀਂ ਕੀਤਾ ਜਾਣਾ ਚਾਹੀਦਾ। ਕਈ ਵਾਰ ਰਹੱਸਵਾਦੀ ਤਾਂ ਪਦਾਰਥਕ ਤੋਟੇ ਦੀ ਹਾਲਤ ਵਿਚ ਵੀ ਆਪਣੇ ਮਹਿਬੂਬ ਦੇ ਸਾਥ ਸਦਕੇ ਇਕ ਅਨੂਠੀ ਸੰਤੁਸ਼ਟਤਾ ਅਨੁਭਵ ਕਰਦੇ ਹਨ—

ਜਿਨ੍ਹਾਂ ਨੂੰ ਲਗੇ ਸ਼ੌਕ ਮੌਲੇ ਦਾ, ਉਹ ਸਭ ਕੁਝ ਸਿਰ ਤੇ ਝੱਲਦੇ
ਝੱਖੜ ਝਾਂਝੇ ਅਤੇ ਲੱਖ ਅਨ੍ਹੇਰੀਆਂ, ਉਹ ਵਾਂਗੁ ਸੁਮੇਰ ਨ ਹਲਦੇ
ਭੁਖ ਵਿਚ ਰੱਜਣ ਅਤੇ ਨੰਗ ਵਿਚ ਕੱਜਣ,ਉਹ ਭੁਖੇ ਨੀ ਇਕ ਗੱਲ ਦੇ
ਸੰਤਰੇਣ ਜਿਨੀਂ ਅੱਖੀ ਡਿਠਾ, ਕੀ ਆਖਣ ਸੁਖ ਇਕ ਪਲ ਦੇ।੧੨।

ਸੰਤਰੇਣ ਜੀ ਦੀ ਮਹਾਨਤਾ ਇਸੇ ਵਿਚ ਹੈ ਕਿ ਉਨ੍ਹਾਂ ਇਤਨੇ ਮਹਾਨ ਗੰਭੀਰ ਵਿਸ਼ੇ ਨੂੰ ਆਪਣੀ ਕਵਿਤਾ ਰਾਹੀਂ ਬੜੀ ਸੁੰਦਰ ਭਾਂਤ ਪਰਗਟਾਇਆ ਹੈ। ਉਨ੍ਹਾਂ ਦਾ ਵਰਨਣ ਬੜਾ ਸੰਜਮ ਵਾਲਾ ਤੇ ਲਚਕਦਾਰ ਹੈ। ਕਈ ਥਾਂ ਉਹ ਆਪਣੇ ਕਵੀ ਅੰਦਾਜ਼-ਨਾਲ ਹੀ ਰਹੱਸਵਾਦ ਨੂੰ ਇਤਨਾ ਸੋਹਣਾ ਬਣਾ ਕੇ ਪੇਸ਼ ਕਰਦੇ ਹਨ ਕਿ ਪਾਠਕ ਇਕ ਮਸਤੀ ਤੇ ਇਕ ਲੋਰ ਅਨੁਭਵ ਕਰਦਾ ਹੈ।

ਦੇਹੁ ਦੀਦਾਰ ਸਿਕ ਲਾਹੁ ਅਸਾਡੀ, ਅਸੀਂ ਦਰਸ ਤੇਰੇ ਦੇ ਪਿਆਸੇ
ਈਹੋ ਮੰਗਾਂ ਜੇ ਕੁਝ ਨਾ ਮੰਗਾਂ, ਇਹਾ ਖ਼ੈਰ ਪਵੇ ਵਿਚ ਕਾਸੇ
ਢੂੰਢਾਂ ਤੈਨੂੰ ਅਤੇ ਲਭਾਂ ਮੈਨੂੰ, ਅਸੀਂ ਅਜਬ ਹੈਰਾਨ ਥੀਆਸੇ
ਸੰਤਰੇਣ ਸੋਈ ਪਿਆਰਾ ਮਿਲਿਆ,ਜਿਹੜਾ ਅਗੇ ਮਿਲਿਆ ਹੋਇਆਸੇ ।

ਇਕ ਥਾਂ ਦਰਦ ਤੇ ਫਕੀਰੀ ਦਾ ਲਾਜ਼ਮੀ ਸਬੰਧ ਦਸਦਿਆਂ ਕਿਹਾ ਹੈ:

ਬਿਨਾ ਦਰਦ ਕੋਈ ਫਕਰ ਨ ਹੋਸੀ,(ਅਗੇ) ਨ ਕੋਈ ਹੋਇਆ ਨ ਹੋਂਦਾ
ਦਰਦ ਰਫ਼ੀਕ ਹਮੇਸ਼ ਫੱਕਰ ਦਾ, ਉਹ ਨਾਲ ਦਰਦ ਦੇ ਰੋਂਦਾ

ਜਿਸ ਨੂੰ ਦਰਦ ਸੁ ਹਾਸਲ ਹੋਇਆ, ਬਿਨ ਦਰਦ ਸੁ ਦੂਰ ਖਲੋਂਦਾ
ਸੰਤਰੇਣ ਸੋ ਕਾਮਲ ਹੋਂਦਾ, ਜੋ ਹਥ ਦੁਨੀਆਂ ਤੋਂ ਧੋਂਦਾ ।੯੩।

ਹਰ ਰਹੱਸਵਾਦੀ ਵਾਂਗ ਸੰਤਰੇਣ ਜੀ ਦੀ ਨਸੀਹਤ ਤੇ ਸਿਖਿਆ ਇਹੋ ਹੈ ਕਿ ਖੁਦੀ ਨੂੰ ਛਡ ਕੇ ਪ੍ਰਭੂ ਪਰਾਇਣ ਹੋਵੇ ਤਾਂ ਹੀ ਦੁਬਿਧਾ ਜਾਂ ਦੂਈ ਦਾ ਬੀ ਨਾਸ ਹੋ ਸਕਦਾ ਹੈ ਤੇ ਤਾਂ ਹੀ ਆਤਮਾ ਸ਼ਾਂਤੀ ਹਾਸਲ ਕਰ ਸਕਦੀ ਹੈ—

ਲਾਮਕਾਨ ਵਿਚ ਸੈਰ ਅਸਾਡਾ, ਉਥੇ ਹੋਰ ਨ ਪਹੁੰਚੇ ਕੋਈ
ਲੱਖ ਸਿਆਣੇ ਅਤੇ ਇਲਮਾਂ ਵਾਲੇ, ਹਰਗਿਜ਼ ਲਹਿਨ ਨ ਢੋਈ
ਪਹੁੰਚੇ ਸੋਈ ਜੋ ਖੁਦੀ ਤੋਂ ਗੁਜ਼ਰੇ, ਜਿਨ੍ਹਾਂ ਦਿਲ ਦੀ ਸਾਫੀ ਹੋਈ
ਸੰਤਰੇਣ ਕੀ ਸਰਫਾ ਸਿਰ ਦਾ, ਉਥੇ ਬਿਨ ਸਿਰ ਲੱਖ ਖਲੋਈ ।੬।

ਜਾਂ

ਤੇ ਤੂੰ ਤਰਫ ਦੁਈ ਨਹੀਂ ਜਾਵੇ, ਇਸ ਦੁਈ ਬਹੁਤ ਘਰ ਗਾਲੇ
ਤੇ ਹਿਰਸ ਹਵਾ ਤੋਂ ਰਹੀਂ ਕਿਨਾਰੇ, ਕੰਮ ਕਰੀਂ ਫਕੀਰਾਂ ਵਾਲੇ
ਜਿਹੜਾ ਰਾਹ ਚਲਦਾ ਸਚਿਆਰਾਂ, ਉਹ ਖੁਸ਼ੀ ਰਹੇ ਹਰ ਹਾਲੇ
ਸੰਤਰੇਣ ਦਿਲ ਤਖਤ ਸਾਈਂ ਦਾ, ਜੇਨੂੰ ਮੁਰਸ਼ਦ ਪਕੜਿ ਬਹਾਲੇ ।

ਅਤੇ ਜੇ ਸਾਈਂ ਨੂੰ ਮਿਲਿਆ ਲੋੜੇ, ਤਾਂ ਪੱਲਾ ਪਕੜ ਫਕੀਰਾਂ
ਛਡੇਂ ਖਾਹਿਸ਼ ਤਾਂ ਲਹੇਂ ਅਸਾਇਸ਼, ਚੁਕ ਪਵਨੀ ਤਦਬੀਰਾਂ ।

ਜਾਂ

ਸਾਈਂ ਦੇ ਮਿਲਣ ਦੀ ਇਹ ਨਿਸ਼ਾਨੀ, ਜੇ ਦੂਜਾ ਕੋਈ ਨ ਦਿਸੇ
ਗੱਲਾਂ ਵਾਲੇ ਫਿਰਨ ਘਨੇਰੇ, ਬਹੁਤੇ ਕਰਦੇ ਕਿਸੇ।

ਫਿਰ ਇਹ ਨਹੀਂ ਕਿ ਉਹ ਪਖੰਡੀ ਧਰਮੀਆਂ ਵਾਂਗ ਕਿਸੇ ਖਾਸ ਸ਼ਰ੍ਹਾ ਸ਼ਰੀਅਤ ਜਾਂ ਕਿਸੇ ਖਾਸ ਰਹਿਤ ਮਰਯਾਦਾ ਉਤੇ ਜ਼ੋਰ ਦਿੰਦੇ ਹਨ ਤੇ ਉਸੇ ਨੂੰ ਹੀ ਪਰਮਾਰਥ ਦਸਦੇ ਹਨ। ਸਗੋਂ ਇਸ ਤੋਂ ਉਲਟ ਉਹ ਫੋਕੇ ਕਰਮ ਧਰਮ ਦੀ ਪੂਰੀ ਨਿਖੇਧੀ ਕਰਦੇ ਹੋਏ ਜ਼ਿੰਦਗੀ ਦੇ ਸੱਚ ਉਤੇ ਜ਼ੋਰ ਦਿੰਦੇ ਹਨ।

ਇਨ੍ਹਾਂ ਜਾਂ ਹੋਰ ਅਜੇਹੀਆਂ ਸਤਰਾਂ ਵਿਚੋਂ ਸਹਿਜੇ ਹੀ ਬੁਲ੍ਹੇਸ਼ਾਹ ਦੀ ਅਵਾਜ਼ ਸੁਣੀ ਜਾ ਸਕਦੀ ਹੈ।

ਨੂਨ ਨਹੀਂ ਉਹ ਦੂਰ ਕਿਤੇ ਵਲ, ਦੱਸ ਪਈ ਵਿਚ ਘਰ ਦੇ
ਇਕ ਮਕ ਜਾ ਜਾ ਹਾਜੀ ਬਣਦੇ, ਇਕ ਤੀਰਥ ਕਰ ਕਰ ਮਰਦੇ
ਜੇ ਟਕ ਅੰਦਰ ਵੜਕੇ ਵੇਖੇਂ, ਤਾਂ ਭਰੇ ਖਜ਼ਾਨੇ ਜ਼ਰ ਦੇ
ਸੌਂਤਰੇਣ ਜੋ ਵਾਸਲ ਹੋਏ, ਸੋ ਵਾਰਸ ਹੋਏ ਘਰ ਦੇ।

ਸਾਧਾਂ ਦੇ ਲੱਖਣਾਂ ਦੀਆਂ ਮਾਝਾਂ ਵਿਚ ਉਨ੍ਹਾਂ ਸਾਧਗੀਰੀ ਦੇ ਦੰਭਾਂ ਦਾ ਰੱਜ ਕੇ ਖੰਡਨ ਕੀਤਾ ਹੈ ਤੇ ਕਿਤੇ ਕਿਸੇ ਦਾ ਲਿਹਾਜ਼ ਨਹੀਂ ਕੀਤਾ। ਹਰ ਰਹੱਸਵਾਦੀ ਦਾ ਉਤਮ ਜਤਨ ਇਹ ਹੈ ਕਿ ਦੁਬਿਧਾ ਮਿਟ ਜਾਵੇ ਤੇ ਏਕੇ ਦਾ ਪਸਾਰਾ ਹੋਵੇ। ਏਸ ਮਨੋਰਥ ਦੀ ਪੂਰਤੀ ਲਈ ਉਹ ਬਾਹਰਲੇ ਕਰਮ ਧਰਮ ਦੀ ਵੀ ਕੋਈ ਪਰਵਾਹ ਨਹੀਂ ਰਖਦੇ, ਇਹ ਇਕ ਬੜਾ ਸਿਧਾ ਤੇ ਸਪਸ਼ਟ ਮਾਰਗ ਹੈ। ਜੇ ਰਹੱਸਵਾਦੀ ਕਵਲ ਧੁੰਦਲੀਆਂ ਗੱਲਾਂ ਕਰਕੇ ਹੀ ਲੋਕਾਂ ਨੂੰ ਫਸਾਉਣ ਦੇ ਆਹਰ ਵਿਚ ਹੋਣ ਤਾਂ ਉਨ੍ਹਾਂ ਨੂੰ ਅਜੇਹੇ ਦੰਭਾਂ ਤੇ ਭੇਖ ਦਾ ਖੰਡਨ ਕਰਨ ਦੀ ਕੀ ਲੋੜ ਹੈ। ਉਹ ਤਾਂ ਆਪਣੇ ਕੋਰੇ ਕੱਲੇ ਭਗਵੇ ਬਾਣੇ ਦੀ ਵੀ ਲਿਹਾਜ਼ ਨ ਕਰਦੇ ਆਖਦੇ ਹਨ—

ਹੇ ਹਿੰਮਤ ਸਾਈਂ ਤੈਨੂੰ ਦੇਵੇ, ਤਾਂ ਗ਼ੈਰ ਨਾ ਕਿਸੈ ਜਾਣੈ।
ਨਹੀਂ ਕਈ ਗ਼ੈਰ ਇਹ ਪਿਆ ਭੁਲਾਵਾ, ਇਹ ਆਖਣ ਸਭ ਸਿਆਣੇ
ਜਿਤ ਵਲ ਵੇਖੇਂ ਤਿਤੇ ਵਲ ਦਿਸਦਾ, ਜੇ ਤੂੰ ਯਾਰ ਪਛਾਣੇਂ
ਸੌਂਤਰੇਣ ਮਿਲਦਾ ਸਚਿਆਰਾਂ, ਨਹੀਂ ਮਿਲਦਾ ਭਗਵੇਂ ਬਾਣੇ।

ਪਰਮਾਰਥ ਦੇ ਨਾਂ ਤੇ ਐਵੇਂ ਫੋਕੀਆਂ ਟਾਹਰਾਂ ਮਾਰਨ ਵਾਲਿਆਂ ਨੂੰ ਵੀ ਉਨ੍ਹਾਂ ਸਮਝਾਇਆ ਹੈ ਕਿ ਕਰਣੀ ਵਾਲੀ ਜ਼ਿੰਦਗੀ ਬਣਾ ਕੇ ਹੀ ਧਰਮ ਦੇ ਮਾਰਗ ਤੇ ਤੁਰਿਆ ਜਾ ਸਕਦਾ ਹੈ। ਇਸ ਲਈ ਦਮ ਤੇ ਕਦਮ ਦੋਵੇਂ ਇਕਠੇ ਚਲਣੇਂ ਜ਼ਰੂਰੀ ਹਨ :—

ਦਮ ਕਦਮ ਜਿਨ੍ਹਾਂ ਦੇ ਦੋਵੇਂ ਬਰਾਬਰ, ਸੇ ਸਾਈਂ ਵਲ ਆਵਨ

ਅਤੇ ਦਮ ਪਿਛੇ ਤੇ ਕਦਮ ਅਗੇਰੇ, ਉਹ ਖਾਸ ਫਕੀਰ ਸਦਾਵਨ
ਕਦਮ ਪਿਛੇ ਦਮ ਅਗੇ ਮਾਰਨ, ਉਹ ਹਰਗਿਜ਼ ਸਾਈਂ ਨਾ ਭਾਵਨ
ਸੰਤਰੇਣ ਰੱਬ ਮਿਲੈ ਤਿਨ੍ਹਾਂ ਨੂੰ, ਜਿਹੜੇ ਗ਼ੈਰ ਦਲੀਲ ਨ ਆਵਨ।

ਫਿਰ ਇਤਨੀ ਉਚ ਪਰਾਪਤੀ ਬਾਦ ਨਿੰਮਰਤਾ ਤੇ ਹਲੀਮੀ ਨੂੰ ਧਾਰਨਾ ਜ਼ਰੂਰੀ ਹੈ, ਹਰ ਰਹੱਸਵਾਦੀ ਆਪਣੇ ਮਹਿਬੂਬ ਲਈ ਸਭ ਕੁਝ ਕੁਰਬਾਨ ਕਰਕੇ ਵੀ ਇਉਂ ਆਖਦਾ ਹੈ—

ਸਭ ਕੁਛ ਬਣਿਆ ਤੇ ਕੁਛ ਨ ਬਣਿਆ, ਅਸੀਂ ਲੱਧੀ ਢੂੰਡ ਨਿਸ਼ਾਨੀ
ਸਭ ਕੁਛ ਕਰਦੇ ਤੇ ਕੁਛ ਨ ਕਰਦੇ, ਇਥੇ ਚਾਲ ਇਹਾ ਇਨਸਾਨੀ
ਅਤੇ ਜੋ ਬਣਿਆ ਸੋ ਆਪੇ ਬਣਿਆ, ਨਹੀਂ ਦੂਜਾ ਜ਼ਿਕਰ ਜ਼ਬਾਨੀ
ਸੰਤਰੇਣ ਅਸਾਂ ਕੀ ਲੈ ਵਾਰਿਆ, ਜੇ ਜੀਉ ਕੀਤਾ ਕੁਰਬਾਨੀ।੨੫।

ਸੰਤਰੇਣ ਜੀ ਨੇ ਮੁਸਲਮ ਫਕੀਰਾਂ ਦੀ ਜ਼ਬਾਨ ਵਿਚ ਕੁਝ ਰੇਖਤੇ ਤੇ ਸਾਧਭਾਸ਼ਾ ਵਿਚ ਕੁਝ ਝੂਲਨੇ ਵੀ ਲਿਖੇ ਹਨ। ਝੂਲਨਾ ਬੈਂਤ ਛੰਦ ਦਾ ਜਨਮ-ਦਾਤਾ ਹੈ। ਪਰ ਇਨੀਂ ਸਭਨੀਂ ਥਾਈਂ ਕਵੀ ਦੀ ਵਿਚਾਰਧਾਰਾ ਅਦ੍ਵੈਤ ਜਾਂ ਤੌਹੀਦ ਦੇ ਰੰਗ ਵਿਚ ਰੰਗੀ ਹੋਈ ਹੈ, ਨਮੂਨੇ ਵਜੋਂ ਦੋ ਦੋ ਛੰਦ ਪੇਸ਼ ਹਨ।

ਰੇਖ਼ਤੇ

ਦਿਲ ਕਾ ਕੀਆ ਜਿਨੋ ਸੈਰ ਹੈ, ਤਿਨੋਂ ਹਰ ਤਰਫ਼ ਮੇਂ ਖੈਰ ਹੈ
ਨਹੀਂ ਜਾਨਤੇ ਕੋਊ ਗ਼ੈਰ ਹੈ, ਵਹ ਦੇਖਤੇ ਇਕ ਜ਼ਾਤ ਕੋ।

ਯਹ ਵਖਤੁ ਖੂਬ ਬਹਾਰ ਕਾ, ਦੇਖੋ ਮਜ਼ਾ ਗੁਲਜ਼ਾਰ ਕਾ
ਇਸ ਬਦਨ ਕਾ ਇਤਬਾਰ ਕਿਆ, ਟੁਕ ਸਮਝੀਓ ਇਸ ਬਾਤ ਕੋ।
ਦੇਖੋ ਹਰ ਤਰਫ ਮੇਂ ਨੂਰ ਹੈ, ਯਹ ਨੂਰ ਪੁਰ ਮਾਮੂਰ ਹੈ
ਈਹਾ ਬਾਤ ਯਹ ਮਨਜ਼ੂਰ ਹੈ, ਨਹੀਂ ਦੇਖ ਦੁਈ ਅਫਾਤ ਕੋ।
ਮੁਰਸ਼ਦ ਜਿਸੇ ਬਤਲਾਇਆ, ਉਸੇ ਖੂਬ ਨੁਕਤਾ ਪਾਇਆ

..ਹੀਂ ਗੈਰ ਦਿਲ ਮੇ ਲੀਆ, ਸੰਤਰੇਣ ਦੇਖਾ ਆਪ ਕੋ ।੯।
ਗੋਸ਼ੇ ਸੌਂ ਜਿਸ ਕੋ ਕਾਮ ਹੈ, ਉਸੇ ਹਰ ਤਰ੍ਹਾਂ ਅਰਾਮ ਹੈ
ਦੁਨੀਆਂ ਸੇ ਵਹ ਗੁਮਨਾਮ ਹੈ, ਕੁਛ ਕਾਮ ਉਸ ਕੋ ਨਾ ਰਹਾ,
ਕਿਸੀ ਕੁਛ ਕਹਾ ਕਿਸੀ ਕੁਛ ਕਹਾ ਕਹਨਾ ਸਭੀ ਸਿਰ ਪਰ ਸਹਾ ।
ਸਾਕੀ ਨੇ ਜਾਮ ਪਿਲਾਇਆ, ਦੀਦਾਰ ਮਸਤ ਦਿਖਲਾਇਆ
ਨਹੀਂ ਗ਼ੈਰ ਦਿਲ ਮੇ ਲਿਆਇਆ, ਪੁਖ਼ਤਾ ਉਸੇ ਯਹੀ ਖਿਆਲ ਹੈ ।
ਜਿਸੇ ਸ਼ਉਕ ਸਾਹਿਬ ਕਾ ਕੀਆ, ਦੁਨੀਆਂ ਸੇ ਤਿਨ ਗੋਸ਼ਾ ਲੀਆ
ਗੁਮਨਾਮ ਹੋ ਜਗ ਮੇ ਜੀਆ, ਸੰਤਰੇਣ ਖੁਸ਼ੀ ਕਮਾਲ ਹੈ ।੧੦।

ਝੂਲਨੇ

ਸਭ ਜੱਗ ਇਹ ਬ੍ਰਹਿਮ ਸਰੂਪ ਹੈ ਜੀ, ਈਹਾਂ ਦ੍ਵੈਤ ਕੋ ਲੇਸ ਨ ਪਾਈਏ ਜੀ
ਸਰਬ ਖਲੰ ਇਹ ਬੇਦ ਕਹਤਾ, ਪਰਮਾਣ ਇਸੀ ਪਰ ਗਾਈਏ ਜੀ
ਜਬ ਨਿਸਚੇ ਇਹ ਪ੍ਰਪੱਕ ਹੂਆ, ਜਹ ਦੇਖੀਏ ਤਹ ਛਕ ਜਾਈਏ ਜੀ
ਸੰਤਰੇਣ ਸਰੂਪ ਅਰੂਪ ਤੇਰਾ, ਨਿਰਾਕਾਰ ਹੀ ਮਾਹਿਂ ਸਮਾਈਏ ਜੀ ।੧।
ਆਤਮ ਸਰੂਪੀ ਬਾਗ ਫੂਲਾ, ਬਿਗਯਾਨ ਕੀ ਦ੍ਰਿਸਟ ਨਿਹਾਰੀਏ ਜੀ
ਏਕ ਬੀਜ ਤੇ ਨਾਨਾ ਰੰਗ ਹੂਏ, ਸ਼ਾਸਤ੍ਰ ਕੀ ਜੁਗਤਿ ਬੀਚਾਰੀਏ ਜੀ ।
ਤੀਨ ਕਾਲ ਹੀ ਦਵੈਤ ਨ ਪਾਈਏ ਜੀ, ਮਨ ਮੇ ਯਹੀ ਦ੍ਰਿੜ ਧਾਰੀਏ ਜੀ
ਸੰਤਰੇਣ ਵਾਹੀ ਮੇ ਛਕ ਜਾਈਂ, ਤਨ ਮਨ ਲੈ ਅਪਨਾ ਵਾਰੀਏ ਜੀ ।੨।

ਇਹ ਵੰਨਗੀਆਂ ਜਿਥੇ ਸ੍ਰੀ ਸੰਤਰੇਣ ਜੀ ਦੇ ਸਰਬੰਗੀ ਸਾਹਿਤਕ ਵਿਅਕਤਿਤਵ ਦੀ ਸਾਖੀ ਭਰਦੀਆਂ ਹਨ, ਉਥੇ ਇਹ ਪੰਜਾਬ ਦੀ ਸਾਹਿਤਕ ਪਰੰਪਰਾ ਵਿਚ ਵਰਤ ਰਹੀ ਭਾਸ਼ਈ ਰਵਾਦਾਰੀ ਦਾ ਵੀ ਸਬੂਤ ਹਨ ਕਿ ਕਿਵੇਂ ਇਥੇ ਪੰਜਾਬੀ, ਬ੍ਰਿਜ ਭਾਸ਼ਾ, ਸਾਧੂ ਭਾਸ਼ਾ ਤੇ ਰੇਖ਼ਤਾ ਦੀ ਸਾਂਝੀ ਜੇਹੀ ਵਰਤੋਂ ਚਲਦੀ ਰਹੀ ਹੈ। ਅਜੇਹੇ ਕਈ ਸਾਹਿਤਕਾਰ ਸਨ, ਜੋ ਇਨ੍ਹਾਂ ਸਾਰੀਆਂ ਭਾਸ਼ਾ ਵੰਨਗੀਆਂ ਵਿਚ ਦਿਲਚਸਪੀ ਲੈਂਦੇ ਸਨ। ਸੰਤਰੇਣ ਜੀ ਹਿੰਦੀ ਦੇ ਮਹਾਨ ਕਵੀ ਤਾਂ ਸਨ ਹੀ ਪਰ ਉਨ੍ਹਾਂ ਦੀਆਂ ਮਾਝਾਂ ਇਸ ਗੱਲ ਦਾ ਪਰਤੱਖ ਪ੍ਰਮਾਣ ਹਨ ਕਿ ਉਨ੍ਹਾਂ ਦੀ ਕਲਮ ਨੇ ਪੰਜਾਬੀ ਵਿਚ ਵੀ ਅਪਣੀ ਪ੍ਰਪੱਕ ਕਲਾ ਤੇ ਅਨੁਭਵ ਦਾ ਕਮਾਲ ਦਿਖਾਇਆ ਹੈ।

ਪਿਆਰਾ ਸਿੰਘ ਪਦਮ

ਮਾਤਾਂ

ੴ ਮਾੜ੍ਹਾਂ ਸੰਤਰੇਣ ਕੀਆਂ

ਦੇਹੁ ਦੀਦਾਰ ਸਿਕ ਲਾਹ ਅਸਾਡੀ, ਅਸੀਂ ਦਰਸ ਤੇਰੇ ਦੇ ਪਿਆਸੇ।
ਈਹੋ ਮੰਗਾਂ ਜੇ ਕੁਝ ਨ ਮੰਗਾਂ, ਇਹਾ ਖੈਰ ਪਵੇ ਵਿਚ ਕਾਸੇ।
ਢੂੰਢਾਂ ਤੈਨੂੰ ਅਤੇ ਲੱਭਾਂ ਮੈਨੂੰ, ਅਸੀਂ ਅਜਬ ਹੈਰਾਨ ਥੀਆਸੇ।
ਸੰਤਰੇਣ ਸੋਈ ਪਿਆਰਾ ਮਿਲਿਆ, ਜੇੜ੍ਹਾ ਅਗੇ ਮਿਲਿਆ ਹੋਇਆਸੇ।੧।

ਮਿਲਿਆ ਪਿਆਰਾ ਗ਼ਮ ਰਿਹਾ ਨ ਕੋਈ, ਮੇਰੇ ਮਨ ਵਿਚ ਭਈ ਖੁਸ਼ਹਾਲੀ
ਜਿਤ ਵਲ ਵੇਖਾਂ ਤਿਤੇ ਵਲ ਦਿਸੇ, ਉਸ ਬਾਝਹੁੰ ਜਾਇ ਨ ਖਾਲੀ।
ਆਪੇ ਖਾਵੰਦ ਆਪੇ ਬਰਦਾ, ਉਹ ਆਪਿ ਸਭਸ ਦਾ ਵਾਲੀ।
ਸੰਤਰੈਣ ਉਹ ਮਿਲਿਆ ਅਸਾਂ ਨੂੰ, ਜੈਂਦੀ ਵਿਛੜਨ ਦੀ ਨਹੀਂ ਚਾਲੀ।੨।

ਸ਼ਾਦੀ ਗਮੀ ਦੁਹਾਂ ਥੀਂ ਗੁਜ਼ਰੇ, ਜਦੋਂ ਪਿਆਰਾ ਸਾਨੂੰ ਮਿਲਿਆ
ਸੱਦ ਸੱਦ ਥਕੇ ਅਤੇ ਆਵੈ ਨਾਹੀਂ, ਹੁਣ ਆਪ ਅਸਾਂ ਵਲ ਹਿਲਿਆ
ਮਿਲਣ ਵਿਛੋੜਾ ਮੈਂ ਕੈਨੂੰ ਆਖਾਂ, ਉਹ ਸਭਸੈ ਨਾਲ ਰਲਿ ਮਿਲਿਆ
ਸੰਤਰੇਣ ਪਰ ਮਿਲਸੀ ਓਹੋ, ਜੈਂਦਾ ਕਦਮ ਅਗਾਹਾਂ ਢੁਲਿਆ।੩।

ਸੁਖਾਂ ਦੀ ਹੁਣ ਆਮਦਨ ਹੋਈ, ਅਤੇ ਦੁਖ ਵਿਦਾ ਕਰ ਚੱਲੇ
ਕੇਹੜੇ ਦੁਖ ਜੋ ਆਪ ਵਿਹਾਝੇ, ਅਸਾਂਨੂੰ ਨਾਹਨ ਕਿਸੇ ਘੱਲੇ
ਦੁਖਾਂ ਨੂੰ ਅਸਾਂ ਸੁਖ ਕਰ ਜਾਤਾ, ਜੋ ਗਿਣ ਗਿਣ ਬੱਧੇ ਪੱਲੇ
ਸੰਤਰੇਣ ਹੁਣ ਉਹ ਸੁਖ ਲੱਧਾ, ਜੋ ਹੋਵੈ ਸਭਸੈ ਗੱਲੇ।੪।

ਤੁਧੋਂ ਭੁਲਿਆਂ ਨੂੰ ਦੁਖ ਘਨੇਰੇ, ਤੁਧ ਡਿਠਿਆਂ ਦੁਖ ਨ ਕੋਈ
ਜੇ ਦੁਖ ਹੋਂਦਾ ਤਾਂ ਮਨਸੂਰ ਨ ਰੋਂਦਾ, ਜਿਹਨੂੰ ਸੇਜਾ ਸੂਲੀ ਹੋਈ
ਸ਼ੱਮਸ ਖੱਲ ਅਪੁਠੀ ਲੱਥੀ, ਉਨ੍ਹੂੰ ਦਰ ਦਰ ਮਿਲੇ ਨ ਢੋਈ
ਸੰਤਰੇਣ ਸੁਖ ਓਹੋ ਜਾਨਣ, ਹੋਰ ਜਾਣੈ ਬਿਆ ਨ ਕੋਈ ।੫।

ਇਨ੍ਹਾਂ ਸੁਖਾਂ ਵਿਚ ਦੁਖ ਘਨੇਰੇ, ਪਰ ਜਾਣ ਨ ਕੋਈ ਸਕੈ
ਬੰਨ ਬੰਨ ਲੋਕ ਤਿਆਰੀ ਕਰਦੇ, ਕੋਈ ਪਹੁੰਚਨ ਵਿਰਲੇ ਪੱਕੈ
ਪਹੁੰਚਨ ਸੋਈ ਜਿਸ ਕਦਮ ਨ ਪਿਛੈ, ਅਤੇ ਬਿਆ ਤਰਫ ਨਹੀਂ ਤੱਕੇ
ਸੰਤਰੇਣ ਭਜ ਮਿਲ ਸਚਿਆਰਾਂ, ਕੀ ਬੈਠੋ ਏਂ ਜਕੋ ਤਕੈ ।੬।

ਦੁਨੀਆਂ ਝੂਠੀ ਤੇ ਸਾਈਂ ਸੱਚਾ, ਪਰ ਦੁਨੀਆ ਪਿਆਰੀ ਲਗੈ
ਸਚ ਛਡੇ ਤੇ ਝੂਠਿ ਵਿਹਾਝੇ, ਇਹ ਨਿਆਉਂ ਪਿਆ ਤੇਰੇ ਅਗੈ
ਘਰ ਜੈਂਦੇ ਵਿਚ ਦੁਸ਼ਮਨ ਹੋਵੈ, ਉਹ ਕਿਚਰਕੁ ਤਾਈਂ ਤਗੈ
ਸੰਤਰੇਣ ਉਹ ਕਦੇ ਨ ਮਿਲਦੇ, ਜੋ ਦੁਨੀਆ ਦੇ ਠਗੈ ।੭।

ਇਕੋ ਸਾਈਂ ਤੂੰ ਸਭਨੀ ਜਾਈਂ, ਤੈਨੂੰ ਸਭ ਖਸਮਾਨੇ
ਤੈਨੂੰ ਜਾਣੈ ਸੋ ਤੇਰੇ ਜਿਹਾ, ਨਹੀਂ ਜਾਣੇ ਬਿਨਾਂ ਪਛਾਣੇ
ਛਡੇ ਖ਼ੁਦੀ ਤਾਂ ਖ਼ੁਦ ਨੂੰ ਪਾਇ, ਹੋਰ ਝੂਠੇ ਲਖ ਬਹਾਨੇ
ਸੰਤਰੇਣ ਕਾਇਰ ਬਹੁਤੇਰੇ, ਕੋਈ ਵਿਰਲੇ ਬੰਨ੍ਹਣ ਗਾਨੇ ।੮।

ਸਿਰ ਦਾ ਸਰਫਾ ਮੂਲ ਨ ਕਰਦੇ, ਸੋ ਸੂਰੇ ਸਨਮੁਖ ਜਾਂਦੇ
ਪਛੇ ਪੈਰ ਨ ਹਰਗਿਜ਼ ਫੇਰਨ, ਉਹ ਚੋਟ ਮੁਹੋਂ ਮੁਹ ਖਾਂਦੇ
ਕਾਇਰ ਸੁਣ ਸੁਣ ਘਰ ਵਿਚ ਡਰਦੇ, ਬਿਨ ਘਾਇਲ ਕੁਰਲਾਂਦੇ
ਸੰਤਰੇਣ ਜੋ ਸਿਰ ਤੋਂ ਗੁਜ਼ਰੇ, ਹੱਥ ਲਗੀ ਫਤੇ ਤਿਨ੍ਹਾਂ ਦੇ ।੯।

ਹਿੰਮਤ ਅਗੇ ਫਤਹ ਸੁਖਾਲੀ, ਜੋ ਕੋਈ ਸੂਰਾ ਹੋਵੈ
ਕਾਇਰ ਬਹੁਤਾ ਮੂਹੋਂ ਬਫਾਵੇ, ਅੰਦਰ ਵੜ ਕੈ ਰੋਵੈ
ਸੂਰਾ ਸੋਈ ਜੋ ਮਨ ਨੂੰ ਜਿਤੇ, ਮਨ ਜਿਤ ਜੈ ਹੋਵੈ
ਸੰਤਰੈਣ ਰੱਬ ਮਿਲੇ ਤਿਨਾਂ ਨੂੰ, ਜੋ ਕਰ ਸਾਫੀ ਦਿਲ ਧੋਵੈ। ੧੦।

ਝੂਠੀ ਦੁਨੀਆਂ ਅਤੇ ਲੋਕ ਭੀ ਝੂਠੇ, ਅਤੇ ਝੂਠੇ ਦਾਵੇ ਕਰਦੇ
ਓਹਾ ਦੁਨੀਆਂ ਜੋੜੀ ਨਾਲ ਨ ਜਾਵੈ, ਤਿਸ ਪਿਛੇ ਲੜ ਲੜ ਮਰਦੇ
ਖਾਸ ਖਜ਼ਾਨਾ ਅੰਦਰ ਤੇਰੇ, ਤੂੰ ਢੂੰਢੇਂ ਦਰਿ ਹਰ ਹਰ ਦੇ
ਸੰਤਰੈਣ ਜਾ ਮਹਿਰਮ ਮਿਲਿਆ, ਤਾਂ ਵਾਰਸ ਹੋਏ ਘਰ ਦੇ। ੧੧।

ਜਿਨ੍ਹਾਂ ਨੂੰ ਲਗੇ ਸ਼ਉਕ ਮੌਲੇ ਦਾ, ਉਹ ਸਭ ਕੁਝ ਸਿਰ ਤੇ ਝਲਦੇ
ਝਖੜ ਝਾਂਝੇ ਅਤੇ ਲਖ ਅਨ੍ਹੇਰੀਆਂ, ਉਹ ਵਾਂਗ ਸੁਮੇਰ ਨ ਹਲਦੇ
ਭੁਖ ਵਿਚ ਰੱਜਣ ਅਤੇ ਨੰਗ ਵਿਚ ਕੱਜਣ, ਉਹ ਭੁਖੇ ਨੀ ਇਕ ਗੱਲ ਦੇ
ਸੰਤਰੈਣ ਜਿਨ੍ਹੀ ਅਖੀਂ ਡਿਠਾ, ਕੀ ਆਖਣ ਸੁਖ ਇਕ ਪਲ ਦੇ। ੧੨।

ਲਗਾ ਪ੍ਰੇਮ ਤੇ ਨੇਮ ਗਏ ਭਜ, ਜਿਉਂ ਸੂਰਜ ਚੜ੍ਹੇ ਅਨ੍ਹੇਰਾ
ਮਿਲਿਆ ਪਿਆਰਾ ਸ਼ਾਡੀ ਹੋਈ ਤਸੱਲੀ, ਸਾਨੂੰ ਕੌਣ ਤਰਾ ਕੌਣ ਮੇਰਾ
ਮਿਲਿਆ ਮੁੜ ਕੇ ਵਿਛੜਨ ਨਾਹੀਂ, ਤੋੜ ਮਿਲ ਵੇਖੇ ਇਕ ਵੇਰਾ
ਸੰਤਰੇਣ ਇਹ ਵੱਡਾ ਤਮਾਸ਼ਾ, ਪਰ ਵੇਖੇ ਹੋਇ ਕੇ ਤੇਰਾ। ੧੩।

ਚੰਦ ਚੜ੍ਹਿਆ ਜਗ ਹੋਈ ਸ਼ਾਦੀ, ਅਤੇ ਚੰਦ ਮੁਮਾਰਖ ਮੈਨੂੰ
ਅਜ ਮਿਲਿਆ ਯਾਰ ਪਿਆਰਾ ਸਾਨੂੰ, ਇਹ ਚੰਨ ਮੇਰੇ ਜਿਹਾ ਕੈਨੂੰ
ਅਜਿਹਾ ਮਿਲਿਆ ਜੇਹਾ ਮਿਲਦਾ ਆਇਆ; ਜਾਂ ਦੂਰ ਕੀਤਾ ਵਿਚੋਂ ਮੈਨੂੰ
ਸੰਤਰੇਣ ਇਹ ਚੰਨ ਮੁਮਾਰਖ,ਅਸਾਂ ਨੂਰ ਡਿਠਾ ਹਰ ਸ਼ੈ ਨੂੰ। ੧੪।

ਅਤੇ ਜੇ ਸਾਂਈਂ ਨੂੰ ਮਿਲਿਆ ਲੋੜੇਂ, ਤਾਂ ਪੱਲਾ ਪਕੜ ਫ਼ਕੀਰਾਂ
ਛਡੇ ਖਾਹਿਸ਼ ਤਾਂ ਲਹੇਂ ਅਸਾਇਸ਼, ਚੁਕ ਪਵਨੀ ਤਦਬੀਰਾਂ
ਜਿ ਦਿਲ ਖਾਲੀ ਤਾਂ ਹੋਵੀ ਖੁਸ਼ਹਾਲੀ, ਤੇਰੀਆਂ ਮਾਫ ਹੋਵਨ ਤਕਸੀਰਾਂ
ਸੰਤਰੈਣ ਜਿਨ੍ਹਾਂ ਖੁਸ਼ੀ ਰੱਬਾਣੀ, ਉਨ੍ਹਾਂ ਪਾਈਆਂ ਖਾਸ ਜਗੀਰਾਂ । ੧੫ ।

ਜ਼ਾਹਰ ਕੂਕ ਸੁਣਾਈ ਤੈਨੂੰ, ਮੇਰਾ ਦਿਲਬਰ ਦਿਲ ਵਿਚ ਵਸੇ
ਦਿਲ ਵਿਚ ਵਸੇ ਭੇਦ ਨ ਦਸੇ, ਉਹ ਦਿਲ ਵਿਚ ਦਿਲ ਨੂੰ ਖਸੇ
ਜਾਂ ਜਾਤਾ ਤਾਂ ਆਪ ਪਛ ਤਾ, ਬਿਨ ਜਾਤੇ ਉਹ ਨਸੇ
ਸੰਤਰੇਣ ਇਹ ਰਮਜ਼ ਅਜਾਇਬ, ਕੋਈ ਆਰਫ ਕਾਮਲ ਦਸੇ । ੧੬ ।

ਕੀ ਆਇਓਂ ਜਾਂ ਨੀਅਤ ਖੋਟੀ, ਤੇਰਾ ਆਵਣ ਕਿਤੇ ਨ ਲੇਖੈ
ਅਤੇ ਛਪ ਛਪ ਐਬ ਕਰੇਂ ਬੁਰਿਆਂਈਆਂ, ਉਹ ਜ਼ਾਹਰ ਸਭ ਕੁਝ ਵੇਖੈ
ਆਵਣ ਤਿਸ ਦਾ ਜਿਸ ਸਚ ਪਛਾਤਾ, ਓਹ ਹਰਿ ਵੇਖੈ ਹਰ ਭੇਖੈ
ਏਥੇ ਸੰਤਰੇਣ ਕੋਈ ਇਕ ਅੱਧ ਵਿਰਲਾ, ਜੋ ਹਰਿ ਨੂੰ ਹਰ ਵਿਚ ਵੇਖੇ ।੧੭।

ਜੇਹੀ ਲਾਵਨ ਤੇਹੀ ਤੋੜ ਨਿਭਾਵਨ, ਤੇ ਮੁਲ ਤਿਨਾਂ ਦਾ ਪਉਂਦਾ
ਜੇ ਲਗੀ ਅਧ ਵਿਚੋਂ ਟੁਟੈ, ਤਾਂ ਫਿਰੈ ਚਉਰਾਸੀ ਭਉਂਦਾ
ਇਕ ਨਿਭਾਹਨ ਇਕ ਤੋੜਨ ਵਾਲੇ,ਇਹ ਸਉਦਾ ਅਪਨੀ ਗਉਂ ਦਾ
ਸੰਤਰੈਣ ਕੰਮ ਘੋਰ ਦਾ ਨਾਹੀਂ, ਕੰਮ ਇਥੇ ਇਕ ਰਉਂ ਦਾ । ੧੮ ।

ਜੋ ਸੁਤੇ ਸੋ ਸਭੇ ਮੁਠੇ, ਜੋ ਜਾਗੇ ਸੋ ਭਾਗੇ
ਸਚ ਨੂੰ ਲਗਾ ਸੋ ਸਚਾ ਹੋਇਆ, ਅਤੇ ਝੂਠਾ ਦੋਜ਼ਕ ਜਾਗੇ
ਜੇ ਆਪ ਪਛਾਣੇ ਤਾਂ ਆਪੇ ਹੋਵੈ, ਛੁਟ ਪਉਨੀ ਲਾਗੇ ਦਾਗੇ
ਸੰਤਰੈਣ ਜਿਨ੍ਹਾਂ ਸਾਈਂ ਪਾਇਆ, ਤੇ ਅਸਲੀ ਓਹਾ ਜਾਗੇ । ੧੯ ।

ਕੀਤੇ ਕੰਮ ਸਾਈਂ ਦੇ ਹੋਵਨ, ਕਿਉਂ ਬੰਨ੍ਹਦਾ ਝੂਠੇ ਦਾਵੇ
ਜਾਂ ਉਹ ਦੇਂਦਾ ਤਾਂ ਸਭ ਕੋਈ ਲੈਂਦਾ, ਬਿਨ ਦਿਤੇ ਕੀ ਕੋਈ ਖਾਵੇ
ਅਤੇ ਤੇਰਾ ਕੀਤਾ ਕੁਝ ਨ ਹੋਂਦਾ, ਕਿਉਂ ਮਰਨੈ ਲੈ ਲੈ ਹਾਵੇ
ਸੰਤਰੇਣ ਹੁਣ ਸੌਂਪ ਸਾਂਈਂ ਨੂੰ, ਉਸ ਭਾਵੈ ਜੋ ਕੁਝ ਭਾਵੇ। ੨੦।

ਅਤੇ ਹੁੰਡਰੀ ਰੱਬ ਨ ਮਿਲੇ ਕਦਾਂਹੀ, ਜੇ ਲਖ ਜਤਨ ਕਰੀਵਨ
ਮੁਰਸ਼ਦ ਬਿਨ ਕਾਮਲ ਦੇ ਬਾਝੋਂ, ਅਸਮਾਨ ਪਾਟੇ ਕਿਉਂ ਸੀਵਨ
ਸਿਰ ਦੇਵਨ ਤੇ ਮਨ ਨੂੰ ਸੌਂਪਣ, ਉਹ ਆਬਹਯਾਤੀ ਪੀਵਨ
ਸੰਤਰੇਣ ਉਹ ਮਿਲਨ ਅਸਾਨੂੰ, ਸਾਡੀਆਂ ਅੱਖੀਆਂ ਠੰਢੀਆਂ ਥੀਵਨ।੨੧।

ਗੱਲ ਸਾਈਂ ਦੀ ਜੈ ਨੂੰ ਪਿਆਰੀ, ਸੋ ਸਾਈਂ ਦਾ ਹੋਵੈ
ਸੁਣ ਸੁਣ ਸੁਖ਼ਨ ਫਕੀਰਾਂ ਵਾਲੇ, ਉਹ ਦਿਲ ਵਿਚ ਪਇਆ ਰੋਵੈ
ਖਿਜਮਤ ਥਾਂ ਉਸ ਅਜ਼ਮਤ ਪਾਈ, ਜੋ ਦਿਲ ਦੀ ਸਾਫੀ ਹੋਵੈ
ਸੰਤਰੇਣ ਜਿਸ ਆਪ ਪਛਾਤਾ, ਉਹ ਸੁਖ ਦੀ ਨੀਂਦਰ ਸੋਵੈ। ੨੨।

ਸੁਖ ਦੀ ਨੀਂਦਰ ਓਹੋ ਸੌਂਦਾ, ਜੈਨੂੰ ਹੋਰ ਦਲੀਲ ਨ ਆਹੀ
ਤੋੜੇ ਟੁਕੜੇ ਮੰਗ ਕਰ ਖਾਂਦਾ, ਉਸ ਦੇ ਦਿਲ ਵਿਚ ਬੇਪਰਵਾਹੀ
ਦੋਵੇਂ ਜਹਾਨ ਉਸ ਦੇ ਬਰਦੇ, ਜੈਨੂੰ ਖਿਜਮਤ ਖਾਸ ਇਲਾਹੀ
ਸੰਤਰੇਣ ਜੋ ਖੁਦੀ ਤੇ ਗੁਜ਼ਰੇ, ਉਸ ਨੂੰ ਵਿਚ ਦਿਲ ਦੇ ਬਾਦਸ਼ਾਹੀ।੨੩।

ਸੁਖ ਦੁਖ ਦੀ ਜਿਨ੍ਹਾਂ ਕਾਰ ਨਾ ਕਾਈ, ਉਹ ਖਾਸ ਸਾਈਂ ਦੇ ਹੋਏ
ਐਨਲਹਕ ਇਹ ਵਿਰਦ, ਉਨ੍ਹਾਂ ਦਾ, ਉਹ ਸਨਮੁਖ ਸੂਲੀ ਢੋਏ
ਸੂਲੀ ਨੂੰ ਚਾ ਮਿੰਮਰ ਕੀਤਾ, ਚੜ੍ਹਕੇ ਵਾਇਜ਼ ਗੋਏ
ਸੰਤਰੇਣ ਜਿਨ੍ਹਾਂ ਮਨਸਬ ਪਾਇਆ, ਵਿਚ ਪਾਕ ਕਤਾਰ ਪਰੋਏ।੨੪।

ਸਭ ਕੁਛ ਬਣਿਆ ਤੇ ਕੁਛ ਨ ਬਣਿਆ, ਅਸੀਂ ਲਧੀ ਢੂੰਢ ਨਿਸ਼ਾਨੀ
ਸਭ ਕੁਛ ਕਰਦੇ ਤੇ ਕੁਝ ਨ ਕਰਦੇ, ਇਥੈ ਚਾਲ ਇਹਾ ਇਨਸਾਨੀ
ਅਤੇ ਜੋ ਬਣਿਆ ਸੋ ਆਪੇ ਬਣਿਆਂ, ਨਹੀਂ ਦੂਜਾ ਜ਼ਿਕਰ ਜ਼ਬਾਨੀ
ਸੰਤਰੇਣ ਅਸਾਂ ਕੀ ਲੇ ਵਾਰਿਆ, ਜੋ ਜੀਉ ਕੀਤਾ ਕੁਰਬਾਨੀ ।੨੫।

ਸ਼ਾਦੀ ਗਮੀ ਉਨ੍ਹਾਂ ਇਕੋ ਜੇਹੀ, ਜੇੜ੍ਹੇਆਪ ਖੁਦੀ ਤੋਂ ਗੁਜ਼ਰੇ
ਅਤੇ ਜੋ ਕੁਝ ਹੋਵੈ ਸੋ ਸਿਰ ਤੇ ਮੰਨਣ; ਉਹ ਹਰਯਕ ਤੇ ਬੇਉਜ਼ਰੇ
ਜੋ ਦਮ ਕਢਣ ਸੋ ਯਾਦ ਸਾਈਂ ਦੀ, ਦਮ ਪਵਨ ਤਿਨ੍ਹਾਂ ਦੇ ਮੁਜਰੇ
ਸੰਤਰੇਣ ਉਨ੍ਹਾਂ ਡਿਠਾ ਤਮਾਸ਼ਾ, ਬੈਠ ਸਾਈਂ ਦੇ ਹੁਜਰੇ ।੨੬।

ਦਮ ਕਦਮ ਜਿਨ੍ਹਾਂ ਦੇ ਦੋਵੇ ਬਰਾਬਰ, ਸੇ ਸਾਈਂ ਵਲ ਆਵਨ
ਅਤੇ ਦਮ ਪਿਛੇ ਤੇ ਕਦਮ ਅਗੇਰੇ, ਉਹ ਖਾਸ ਫਕੀਰ ਸਦਾਵਨ
ਕਦਮ ਪਿਛੇ ਦਮ ਅਗੇ ਮਾਰਨ, ਉਹ ਹਰਗਿਜ਼ ਸਾਈਂ ਨ ਭਾਵਨ
ਸੰਤਰੇਣ ਰਬ ਮਿਲੈ ਤਿਨਾਂ ਨੂੰ, ਜੇਹੜੇ ਗ਼ੈਰ ਦਲੀਲ ਨ ਆਵਨ ।੨੭।

ਆਪੇ ਘਰ ਆਪੇ ਘਰ ਵਾਲਾ, ਕੋਈ ਵਿਰਲੇ ਕਾਮਲ ਜਾਣਨ
ਅਤੇ 'ਐਨਲਹਕ' ਤਹਕੀਕ ਕੀਤਾ, ਓਨਾ ਹੋਰ ਨ ਹਰਫ ਪਛਾਣਨ
ਕੋਈ ਝਿੜਕੇ ਤੇ ਕੋਈ ਮੰਨੇ, ਉਹ ਦਿਲ ਵਿਚ ਗ਼ੈਰ ਨ ਆਣਨ
ਸੰਤਰੇਣ ਜਿਨ੍ਹਾਂ ਖ਼ਾਹਸ਼ ਨ ਕਾਈ, ਉਹ ਨੀਮੇ ਤਾਣ ਕਿਉਂ ਤਾਣਨ ।੨੮।

ਜੋ ਸੁਖ ਇਕ ਪਲ ਯਾਰ ਵੇਖਦੇ, ਵਿਚ ਸੋ ਜਹਾਨ ਦੁਈਂ ਨ ਦਿਸੇ
ਅਤੇ ਜਿਸਦੇ ਉਤੇ ਮਿਹਰ ਫਿਕਰ ਦੀ, ਸੁਖ ਆਵੈ ਤਿਸ ਦੇ ਹਿਸੇ
ਖੁਦੀ ਬੁਰੀ ਅਤੇ ਖੁਦੀ ਨੂੰ ਛੱਡੇ, ਤਾਂ ਯਾਰ ਤੇਰੇ ਤੇ ਵਿਸੇ
ਸੰਤਰੇਣ ਢੂੰਢਣ ਬਹੁਤੇਰੇ, ਪਰ ਯਾਰ ਲੱਧਾ ਕਿਸੇ ਕਿਸੇ ।੨੯!

ਤੇ ਅਠੇ ਪਹਿਰ ਉਹ ਖੁਸ਼ੀ ਹਮੇਸ਼ਾਂ, ਇਨ੍ਹਾਂ ਰਮਜ਼ ਕਾਮਲ ਦੀ ਪਾਈ
ਖਾਸ ਸਾਈਂ ਦੇ ਉਹ ਨਜ਼ੀਕੀ, ਜੋ ਪਲ ਨਹੀਂ ਸਹਿਣ ਜੁਦਾਈ
ਮਿਲਨ ਸੁਖ ਤੇ ਦੁਖ ਵਿਛੋੜਾ, ਹੋਰ ਸ਼ਾਦੀ ਗ਼ਮੀ ਨਾ ਕਾਈ
ਸੰਤਰੇਣ ਉਹ ਦੌਲਤ ਲਧੀ, ਜਿਹੜੀ ਨਹੀ ਸੀ ਕਦੇ ਗਵਾਈ ।੩੦।

ਦੁਖ ਛੁਡਾਇ ਤੇ ਸੁਖ ਨੂੰ ਲਾਇ, ਜਾਂ ਕਰਮ ਆਪ ਸਾਈਂ ਕਰਦਾ
ਤੇ ਦੁਖਾਂ ਨੂੰ ਇਹ ਭਜ ਭਜ ਪਊਂਦਾ, ਤੇ ਸਾਈਂ ਦੇ ਸੁਖ ਤੋਂ ਡਰਦਾ
ਮੇਹਰ ਕਰਨ ਜੋ ਸਾਈਂ ਵਾਲੇ, ਤਾਂ ਪੈਰ ਸਾਈਂ ਵਲ ਧਰਦਾ
ਸੰਤਰੇਣ ਅਸਾਂ ਅਖੀਂ ਡਿਠਾ, ਜਾਂ ਦੂਰ ਹੋਇਆ ਵਿਚੋਂ ਪੜਦਾ ।੩੧।

ਜਿਨ੍ਹਾਂ ਆਪਣੀ ਖੁਦੀ ਗਵਾਈ; ਤੇ ਸਭ ਅਜ਼ਾਬੋਂ ਛੁਟੇ
ਉਨ੍ਹਾਂ ਜ਼ਗਾਤ ਕੇਹੀ ਫਿਰ ਲਗੇ, ਜਿਨ੍ਹਾਂ ਪੰਡ ਸਿਰੋਂ ਚਾ ਸੱਟੇ
ਖੁਦੀ ਗਵਾਇ ਤਾਂ ਸਭ ਕਿਛ ਪਾਇ, ਇਸ ਖ਼ੁਦੀ ਬਹੁਤ ਘਰ ਪੁਟੇ
ਸੰਤਰੇਣ ਰੱਬ ਮਿਲੇ ਤਿਨ੍ਹਾਂ ਨੂੰ, ਜਿਹੜੇ ਦੁਨੀਆਂ ਕੋਲੋਂ ਤੁਟੇ ।੩੨।

ਤਿਨਾ ਖਾਹਸ਼ ਰਹੀ ਨ ਕਾਈ, ਜਿਨ੍ਹਾਂ ਜਗ ਨੂੰ ਜਾਤਾ ਫਾਨੀ
ਬਿਨ ਸਾਈਂ ਉਹ ਹੋਰ ਨ ਵੇਖਣ, ਸੁਣ ਸਮਝ ਨ ਸੁਖ਼ਨ ਹਕਾਨੀ
ਬੁਰਾ ਭਲਾ ਉਹ ਕਿਸੇ ਨੂੰ ਆਖਣ, ਜਿਨ੍ਹਾਂ ਗ਼ੈਰ ਨ ਜ਼ਿਕਰ ਜ਼ਬਾਨੀ
ਸੰਤਰੇਣ ਜੋ ਸਿਰ ਤੇ ਗੁਜ਼ਰੇ, ਜੋ ਮਹਿਰਮ ਹੋਏ ਨਾਲ ਜਾਨੀ ।੩੩।

ਸਾਈਂ ਸਾਨੂੰ ਮੇਲ ਉਨ੍ਹਾਂ ਨੂੰ, ਜੋ ਤੇਰੇ ਰਹਿਨ ਹਜ਼ੂਰੀ
ਰਹਿਨ ਹਜ਼ੂਰੀ ਤੇ ਬੇਮਗ਼ਰੂਰੀ, ਸੋ ਖਾਸ ਬੰਦੇ ਉਹ ਨੂਰੀ
ਕਰਨ ਕਨਾਇਤ ਤੇ ਪਕੜਨ ਗੋਸ਼ਾ, ਉਥੇ ਕਾਰ ਇਹਾ ਮਨਜ਼ੂਰੀ
ਸੰਤਰੇਣ ਉਹ ਕਾਮਲ ਹੋਏ, ਜਿਨ੍ਹਾਂ ਜ਼ਿਕਰ ਕੀਤਾ ਮਨਸੂਰੀ ।੩੪।

ਜਿਨ੍ਹਾਂ ਜਗਾਤ ਸਾਈਂ ਦੀ ਕੱਢੀ, ਉਹ ਹੋਰ ਜਗਾਤ ਨ ਕਢਦੇ
ਇਕ ਪਲ ਜੁਦਾ ਨ ਹੋਵਨ ਹਰਗਿਜ਼, ਉਹ ਹਰਫ਼ ਬਿ ਨੁਕਤਾ ਪੜ੍ਹਦੇ
ਖੋਟ ਖਰੇ ਤਦਾਹੀਂ ਜਾਪਣ, ਜਾਂ ਨਜ਼ਰ ਸਰਾਫ਼ਾਂ ਚੜ੍ਹਦੇ
ਸੈਂਤਰੇਣ ਜਿਨ੍ਹਾਂ ਸਾਈਂ ਪਛਾਤਾ, ਉਹ ਨਾਲ ਸਾਈਂ ਦੇ ਹੰਢਦੇ ।੩੫।

ਟੇਢੀਆਂ ਪੱਗਾਂ ਤੇ ਬਾਂਕੀਆਂ ਚਾਲਾਂ, ਤੂੰ ਇਹ ਨ ਛਡੇਂ ਕਦਾਹੀਂ
ਜੇ ਆਪ ਛਡੇ ਤਾਂ ਸਭ ਕਿਛ ਪਾਈ, ਤੇ ਇਨ੍ਹਾਂ ਰਹਿਣਾ ਨਾਹੀਂ
ਅਤੇ ਪਿਛੋਂਦੇ ਤੇ ਪਛੋਤਾਸੇਂ, ਜਦ ਤ੍ਰਾਣ ਨ ਰਹਿਸੀਆ ਬਾਹੀਂ
ਸੈਂਤਰੇਣ ਹੁਣ ਸਮਝ ਸਵੇਲੇ, ਨਹੀਂ ਰੋਸੇਂ ਦੇ ਦੇ ਢਾਹੀਂ ।੩੬।

ਇਹ ਜੁਆਨੀ ਤੇਰੀ ਮਸਤ ਦਿਵਾਨੀ, ਕੁਛ ਅਗੇ ਦਾ ਕਰ ਤੋਸਾ
ਅਤੇ ਕਈ ਜੁਆਨੀਆਂ ਤੁਧ ਅਗੇ ਛਡੀਆਂ, ਹੁਣ ਇਸ ਦਾ ਕੌਣ ਭਰੋਸਾ
ਮਿਲ ਮੁਰਸ਼ਦ ਕੰਮ ਕਰ ਲੈ ਅਪਣਾ, ਅਤੇ ਪਕੜ ਬਹੋ ਕੋਈ ਗੋਸ਼ਾ
ਸੈਂਤਰੇਣ ਫ਼ਿਲ ਤੇਰੀ ਵਲੋਂ, ਉਸ ਤੇਰੇ ਨਾਲ ਨਹੀਂ ਰੋਸਾ ।੩੭।

ਜੇਹਾ ਜ਼ਾਹਰ ਤੇ ਅਵੇਹਾ ਛਪਿਆ, ਉਸ ਨੂੰ ਕੀਕਣ ਕੋਈ ਜਾਣੇ
ਸਟੇ ਖ਼ੁਦੀ ਤੇ ਖ਼ੁਦ ਨੂੰ ਪਾਏ, ਖ਼ੁਦ ਹੋਇ ਕੇ ਖ਼ੁਸ਼ੀਆਂ ਮਾਣੇ
ਉਹੋ ਅੱਵਲ ਤੇ ਓਹੋ ਆਖਰ, ਕਹੈ ਵਿਚ ਵਿਚ ਹੋਰ ਧਿੰਗਾਣੇ
ਸੈਂਤਰੇਣ ਇਹ ਰਮਜ਼ ਕਾਮਲ ਦੀ, ਬਿਨ ਕਾਮਲ ਕੀ ਕੋਈ ਜਾਣੇ ।੩੮।

ਜਿਥੇ ਮੈਂ ਉਥੇ ਉਹ ਨ ਲਭੇ, ਜਿਥੇ ਉਹ ਤਿਥੇ ਮੈਂ ਨਾਹੀਂ
ਧੁਪ ਛਾਂ ਇਹ ਦੋਵੇਂ ਇਕੱਠੇ, ਇਹ ਡਿਠੇ ਕਿਸੇ ਕਦਾਹੀਂ ?
ਜੇ ਭੈਂਗਾ ਇਕ ਨੂੰ ਦੋਇ ਵੇਖੇ, ਕੀ ਡਿਠਿਆਂ ਦੋਇ ਹੋਇ ਜਾਈ ?
ਸੈਂਤਰੇਣ ਉਹ ਇਕ ਦਾ ਏਕੋ, ਖ਼ਤ ਸਚਾ ਨਾਲ ਗੁਆਹੀ ।੩੯।

ਇਹਾ ਗਵਾਹੀ ਮਨਸੂਰ ਵੀ ਦਿਤੀ, ਅਤੇ ਸ਼ਮਸ ਵਿਚ ਮੁਲਤਾਨੀ
ਬਿਲਾ ਮੀਮ ਪੈਕੰਬਰ ਆਖਿਆ, ਬੁਸਤਾਨੀਆ ਜਸਮਾਨੀ
ਸਭਨਾ ਇਕੋ ਹਰਫ ਪਛਾਤਾ, ਢੂੰਢ ਡਿਠਾ ਵੇਦ ਕੁਰਾਨੀ
ਸੰਤਰੇਣ ਤਹਿਕੀਕ ਇਹਾ ਗੱਲ, ਸਭ ਆਖਣ ਨਾਲ ਜ਼ਬਾਨੀ ।੪੦।

ਜਿਨ੍ਹਾਂ ਅਪਣਾ ਆਪ ਪਛਾਤਾ, ਉਹ ਸਭ ਦੀ ਖਾਤਰ ਕਰਦੇ
ਹਰ ਹਰ ਦੇ ਵਿਚ ਹਰਿ ਨੂੰ ਦੇਖਣ, ਤੇ ਹਰ ਯਕ ਤੇ ਉਹ ਬਰਦੇ
ਨਾ ਉਹ ਕਰਨ ਬਹਿਸ਼ਤ ਦੀ ਖਾਹਸ਼, ਨਾ ਦੋਜ਼ਕ ਤੋਂ ਡਰਦੇ
ਸੰਤਰੇਣ ਜਿਨ੍ਹਾਂ ਖ਼ੁਦੀ ਗਵਾਈ, ਤੇ ਖਾਸ ਸਾਈਂ ਦੇ ਘਰ ਦੇ ।੪੧।

ਕਰ ਕਨਾਇਤ ਜਿਨ੍ਹਾ ਗੋਸ਼ਾ ਪਕੜਿਆ, ਉਹ ਸਭ ਅਜ਼ਾਬੋਂ ਛੁਟੇ
ਦੁਨੀਆਂ ਵਿਚ ਉਹ ਰਹਿਣ ਅਵੇਹੇ, ਜੋ ਨ ਗੰਵੇ ਨ ਤੁਟੇ
ਦੋਲਤ ਦੀ ਉਨ੍ਹਾਂ ਕਮੀ ਨ ਕਾਈ, ਉਹਨਾ ਖਾਸ ਖਜ਼ਾਨੇ ਲੁਟੇ
ਸੰਤਰੇਣ ਜਿਹਨਾਂ ਸਾਈਂ ਦੀ ਦੋਲਤ, ਉਹ ਮੂਲ ਨ ਕਦੇ ਨਿਖੁਟੇ ।੪੨।

ਇਕ ਝੂਠੇ ਉਹ ਝੂਠ ਨੂੰ ਲਗੇ, ਅਤੇ ਸਚੇ ਸਚ ਵਲ ਲਗਦੇ
ਇਕ ਅੰਦਰੋਂ ਝੂਠੇ ਤੇ ਉਤੋਂ ਸੁਚੇ, ਉਹ ਲੋਕਾਂ ਨੂੰ ਲੈ ਠਗਦੇ
ਦਿਲ ਥੀਂ ਸਚੇ ਉਹਨਾਂ ਸਚ ਪਛਾਤਾ, ਉਹ ਵਾਕਬ ਹੋਇ ਰਗ ਰਗ ਦੇ
ਸੰਤਰੇਣ ਇਥੇ ਕੰਮ ਸਚਿਆਰਾਂ, ਉਥੇ ਝੂਠੇ ਮੂਲ ਨ ਤਗਦੇ ।੪੩।

ਇਕ ਆਖਣ ਅਸੀਂ ਸਭ ਤੋ ਉਚੇ, ਇਹ ਗੱਲ ਪਕੜੀ ਕਈਆਂ
ਜਿਉਂ ਚਾਮ-ਚਿਠੀਆਂ ਉਡੀਆਂ ਸੂਰਜ ਨੋ, ਉਹ ਫਿਰ ਕੇ ਟੋਇ ਪਾਈਆਂ
ਉਹ ਆਖਣ ਸੂਰਜ ਰਿਹਾ ਦੁਰਾਡਾ, ਅਸੀਂ ਸੂਰਜ ਨੂੰ ਲੰਘ ਗਈਆਂ
ਸੰਤਰੇਣ ਪੜ੍ਹ ਅਮਲ ਨ ਕਰਦੇ, ਜਿਨ੍ਹਾਂ ਉਲਟ ਕਲਾਮਾਂ ਪਈਆਂ ।੪੪।

ਇਕ ਜਾਵਨ ਮੱਕੇ ਤੇ ਹਾਜੀ ਹੁੰਦੇ, ਇਕ ਤੀਰਥ ਕਰ ਕਰ ਮਰਦੇ
ਵਿਚੇ ਮਕਾ ਤੇ ਵਿਚੇ ਕਾਂਸੀ, ਉਹ ਦਿਲ ਦਾ ਹੱਜ ਨ ਕਰਦੇ
ਜੋ ਕਾਠ ਦੀ ਬੇੜੀ ਚੜ੍ਹ ਨਹੀਂ ਲੰਘਦੇ, ਉਹ ਪੱਥਰ ਤੇ ਚੜ੍ਹ ਤਰਦੇ
ਸੰਤਰੇਣ ਜਿਨ ਸਾਈਂ ਲੋਕਾਂ, ਹੋਰ ਪੈਰ ਡਿੰਗੇ ਸਭ ਧਰਦੇ ।੪੫।

ਜੇ ਸਾਈਂ ਜਾਤਾ ਤਾਂ ਸਭ ਨੂੰ ਜਾਤਾ, ਬਿਨ ਜਾਤੇ ਕੁਝ ਨਾ ਜਾਤਾ
ਜੇ ਸਾਈਂ ਡਿਠਾ ਤਾਂ ਸਭ ਕੁਝ ਡਿਠਾ, ਬਿਨ ਡਿਠੇ ਅੰਧਰਾਤਾ
ਸਾਈਂ ਮਿਲਿਆ ਤਾਂ ਸਭ ਹੈ ਮਿਲਿਆ, ਬਿਨ ਮਿਲਿਆ ਝੂਠਾ ਨਾਤਾ
ਸੰਤਰੇਣ ਜਿਨ੍ਹਾਂ ਇਕ ਸਿਵਾਤਾ, ਓਹਨਾ ਸਭ ਕੁਝ ਜਾਤਾ ਪਾਤਾ ।੪੬।

ਵੈਹਦਤ ਪਈ ਜਿਨਾਂ ਵਾਹਦਤ ਸਾਈਂ ਦੀ, ਉਹ ਵਾਹਦਤ ਨੂੰ ਹੀ ਭਾਲਣ
ਵਾਹਦਤ ਨਾਲ ਉਹ ਵਾਹਦਤ ਵੇਖਣ, ਅਤੇ ਨਾਲ ਵਾਹਦਤ ਦੇ ਜਾਲਣ
ਬਿਨ ਵਾਹਦਤ ਕਛੁ ਹੋਰ ਜੋ ਦਿਸੇ, ਉਹ ਨਾਲ ਵਾਹਦਤ ਦੇ ਟਾਲਣ
ਸੰਤਰੇਣ ਜਿਨ੍ਹਾਂ ਵਾਹਦਤ ਸਮਝੀ, ਉਹ ਵਾਹਦਤ ਨੂੰ ਹੀ ਪਾਲਣ ।੪੭।

ਜੈਨੂੰ ਮਿਲੇ ਯਾਰ ਪਿਆਰਾ, ਉਸ ਖਾਹਸ਼ ਕੈਂ ਦੀ ਹੋਵੇ
ਤਿਸ ਦੇ ਨਾਲ ਬਰਾਬਰ ਕਾਈ, ਜੈਂਦੇ ਲਗ ਜਾਨੀ ਗਲ ਸੋਵੇ
ਜੇ ਮਿਲਿਆ ਤਿਸ ਖੁਸ਼ੀ ਨ ਮਾਵੇ, ਬਿਨ ਮਿਲਿਆ ਬਹਿ ਬਹਿ ਰੋਵੇ
ਸੰਤਰੇਣ ਨੱਕ ਬੰਨ੍ਹ ਉਤੈ ਵਲ, ਜੋ ਹੋਵੇ ਸੋ ਹੋਵੇ ।੪੮।

ਜੈਨੂੰ ਲਗੇ ਸਾਈਂ ਪਿਆਰਾ, ਤੇ ਜਗ ਵਿਚ ਸੁਖੀਆ ਸੋਈ
ਅਤੇ ਇਹ ਦੁਨੀਆਂ ਜਿਸ ਮਿਠੀ ਡਿਠੀ, ਉਸ ਦੁਨੀਆਂ ਦੁਸ਼ਮਨ ਹੋਈ
ਇਕਨਾ ਨੂੰ ਲੈ ਦੋਜ਼ਕ ਘਤੇ, ਇਕ ਦਰ ਦਰ ਲੈਨ ਨ ਢੋਈ
ਸੰਤਰੇਣ ਜੇਹੜੇ ਛਡ ਖੜੋਤੇ, ਤਿਨ ਅਗੇ ਮਜਲ ਨ ਕੋਈ ।੪੯।

ਵਿਲ ਤੇ ਹੋਰ ਦਲੀਲ ਨ ਸਟੇ, ਅਤੇ ਦਰ ਕਾਮਲ ਦੇ ਜਾਵੈ
ਬਰਦਾ ਹੋਵੈ ਉਨ੍ਹਾਂ ਦੇ ਦਰ ਦਾ, ਅਤੇ ਬਿਨ ਮਲ ਆਪ ਵਿਕਾਵੇ
ਜੋ ਆਖਣ ਸੋ ਸਿਰ ਤੇ ਮੰਨੇ, ਅਤੇ ਮੂਹੋਂ ਨ ਬਿਆ ਅਲਾਵੇ
ਸੰਤਰੇਣ ਜੋ ਹੋਵੈ ਉਨ੍ਹਾਂ ਦਾ, ਖ਼ੈਰ ਫਕਰ ਦਾ ਪਾਵੈ ।੫੦।

ਖ਼ੈਰ ਫਕਰ ਦਾ ਉਨ੍ਹਾਂ ਨੂੰ ਮਿਲਯਾ, ਜਿਨ੍ਹਾ ਅਪਣੀ ਖੁਦੀ ਗਵਾਈ
ਤੇ ਹਰ ਯਕ ਦੇ ਵਿਚ ਹਕ ਨੂੰ ਵੇਖਣ, ਹੋਰ ਖਾਹਿਸ਼ ਉਨ੍ਹਾਂ ਨ ਕਾਈ
ਹਰ ਯਕ ਕਦਮ ਅਗੇਰੇ ਕਰਦੇ, ਜਿਨ੍ਹਾਂ ਪਾਕ ਮੁਹਬਤ ਪਾਈ
ਸੰਤਰੇਣ ਉਹ ਫਿਰਨ ਖੁਸ਼ਹਾਲੀ, ਜਿਨ੍ਹਾਂ ਮਸਤੀ ਅਸਲੀ ਆਈ !੫੧।

ਜਿਨ੍ਹਾਂ ਜਾਤਾ ਅਸਾਂ ਕੰਮ ਸਾਈਂ ਨਾਲ, ਓਨ੍ਹਾਂ ਛਡੇ ਹੋਰ ਵਿਖਾਲੇ
ਅਤੇ ਜੇਹੀ ਆਵੈ ਓਹ ਸਿਰ ਤੇ ਜਾਲਨ, ਕੰਮ ਕਰਨ ਫਕੀਰਾਂ ਵਾਲੇ
ਦਮ ਦਮ ਨਾਲ ਸਮਾਲਨ ਦੋਸਤ, ਅਤੇ ਖਸ਼ੀ ਰੈਹਨ ਹਰ ਹਾਲੇ
ਸੰਤਰੇਣ ਉਹ ਉਸ ਜਾ ਪਹੁੰਚੇ, ਜਿਥੇ ਪਹੁੰਚੇ ਸਾਈਂ ਵਾਲੇ ।੫੨।

ਆਪੇ ਜ਼ਾਹਰ ਤੇ ਆਪੇ ਬਾਤਨ, ਹੋਰ ਗ਼ੈਰ ਨਹੀਂ ਬਣ ਆਇਆ
ਜਾਂ ਐਨਲਹਕ ਤਹਕੀਕ ਕਿਤੋ ਨੇ, ਤਾਂ ਇਹ ਸੁਖਨ ਅਲਾਇਆ
ਸਟੇ ਖੁਦੀ ਤਾਂ ਖੁਦ ਨੂੰ ਪਾਇ, ਵਿਚ ਖੁਦੀ ਭੁਲਾਵਾ ਪਾਇਆ
ਸੰਤਰੇਣ ਇਹ ਨੁਕਤਾ ਇਸ ਦਾ, ਇਹ ਕਾਮਲ ਥੀਂ ਹਥ ਆਇਆ ।੫੩।

ਲਾ ਮਕਾਨ ਵਿਚ ਸੈਰ ਅਸਾਡਾ, ਉਥੇ ਗ਼ੈਰ ਨ ਦਿਸੈ ਕੋਈ
ਓਹੋ ਗ਼ੈਰ ਜੋ ਗ਼ੈਰ ਨੂੰ ਵੇਖੈ, ਓਥੇ ਗ਼ੈਰ ਨ ਲੈਂਦਾ ਢੋਈ
ਜਿਸ ਸਾਈਂ ਮਿਠਾ ਤਿਸ ਗ਼ੈਰ ਨ ਕੋਈ ਡਿਠਾ, ਉਸ ਦੀ ਸਾਫੀ ਹੋਈ
ਸੰਤਰੇਣ ਇਹ ਰਾਹ ਫਕਰ ਦਾ, ਮਰ ਪਹੁੰਚੇ ਵਿਰਲਾ ਕੋਈ ।੫੪।

ਰਾਹ ਫਕਰ ਦਾ ਜਿਨ੍ਹਾਂ ਲਗਾ ਪਿਆਰਾ, ਓਨ੍ਹਾਂ ਕਰਨਾ ਸੀ ਸੋਈ ਕੀਤਾ
ਨਾਲ ਮੁਰਸ਼ਦ ਦੇ ਜਿਨ੍ਹਾਂ ਪਾਕ ਮੁਹੱਬਤ, ਤਿਨ੍ਹਾਂ ਖਾਸ ਪਿਆਲਾ ਪੀਤਾ
ਇਕ ਪਲ ਜੁਦਾ ਨ ਹੋਵਨ ਮੂਲੇ, ਓਨਾਂ ਦਿਲ ਸਾਈਂ ਨਾਲ ਸੀਤਾ
ਸੰਤਰੇਣ ਜੋ ਹਰਿ ਵਲ ਲਗੇ, ਤਿਨ੍ਹਾਂ ਜਨਮ ਅਮੋਲਕ ਜੀਤਾ ।੫੫।

ਸਾਈਂ ਨਾਲ ਮੁਹਬਤ ਜਿਸਦੀ, ਉਹ ਸਰਫਾ ਕੋਈ ਨ ਕਰਦਾ
ਜੋ ਕੁਝ ਹੋਵੇ ਸੋ ਸਿਰ ਤੇ ਮੰਨੇ, ਓਹ ਮਰਨ ਥੀਂ ਅਗੇ ਮਰਦਾ
ਜੇੜ੍ਹਾ ਸੰਗ ਲਗਾ ਸਚਿਆਰਾਂ, ਓਸ ਰਹਿਆ ਨ ਕੋਈ ਪਰਦਾ
ਸੰਤਰਣ ਜਿਸ ਆਪਾ ਛਡਿਆ, ਸੋ ਵਾਰਸ ਹੋਇਆ ਘਰ ਦਾ ।੫੬।

ਬਿਨ ਸਾਈਂ ਹੋਰ ਜ਼ਿਕਰ ਨ ਕਰਦੇ, ਸੇ ਖਾਸ ਸਾਈਂ ਦੇ ਹੋਵਨ
ਬਿਨ ਸਾਈਂ ਕੁਝ ਹੋਰ ਜੋ ਦਿਸੈ, ਤਾਂ ਢਾਂਹੀਂ ਦੇ ਦੇ ਰੋਵਨ
ਸੁਣ ਸੁਣ ਸੁਖਨ ਫਕੀਰਾਂ ਵਾਲੇ, ਗੈਰ ਦਲੀਲਾਂ ਧੋਵਨ
ਸੰਤਰੇਣ ਜਾਂ ਸ਼ੱਕ ਨ ਰਿਹਾ, ਤਾਂ ਸੁਖ ਦੀ ਨੀਂਦਰ ਸੋਵਨ ।੫੭।

ਜਿਸ ਨੂੰ ਲਗੇ ਸਾਈਂ ਪਿਆਰਾ, ਉਹ ਰਾਹ ਫਕਰ ਦੇ ਚਲਦਾ
ਮੰਨੇ ਹੁਕਮ ਰਜਾਇ ਸਾਈਂ ਦੀ, ਸਭ ਕੁਝ ਸਿਰ ਤੇ ਝਲਦਾ
ਕਾਮਲ ਮੁਰਸ਼ਦ ਜੈ ਨੂੰ ਮਿਲਿਆ, ਸੋ ਮਹਰਮ ਹੋਇਆ ਦਿਲ ਦਾ
ਸੰਤਰੇਣ ਇਹ ਵਖਤ ਜ਼ਰੂਰੀ, ਕੰਮ ਨਹੀਂ ਇਹ ਕੱਲ ਦਾ ।੫੮।

ਫਕਰ ਉਹ ਜਿਨ੍ਹਾਂ ਫਿਕਰ ਨ ਕੋਈ, ਜੇੜ੍ਹੇ ਰਬ ਦੇ ਰਾਹ ਵਿਕਾਣੇ
ਦਿਲ ਵਿਚ ਖ਼ਾਹਿਸ਼ ਨ ਰਹੀ ਕਾਈ, ਜਗ ਵਿਚ ਰਹਿਣ ਨਿਮਾਣੈ
ਬਾਤਨ ਜ਼ਿਕਰ ਹਮੇਸ਼ਾਂ ਕਰਦੇ, ਜ਼ਾਹਰ ਕੋਈ ਨ ਜਾਣੈ
ਸੰਤਰੇਣ ਉਹ ਸਭ ਤੇ ਡਾਢੇ, ਪਰ ਹੁੰਦੇ ਤਾਣ ਨਿਤਾਣੈ ।੫੯।

ਅਗੈ ਗੈਰ ਨ ਰਿਹਾ ਦਿਸੇ, ਕੋਈ ਤੁਧ ਆਪੇ ਗ਼ੈਰ ਬਨਾਇਆ
ਅਵਲ ਆਖਰ ਹੋਰ ਨ ਕੋਈ, ਵਿਚ ਖੁਦੀ ਭੁਲਾਵਾਂ ਪਾਇਆ
ਸਭਨਾ ਰਲ ਕੇ ਇਕੋ ਆਖਿਆ, ਮਨਸੂਰ ਭੀ ਇਹੋ ਅਲਾਇਆ
ਸੰਤਰੇਣ ਤਹਕੀਕ ਇਹਾ ਗੱਲ, ਜੋ ਸਭਨਾਂ ਆਖ ਸੁਣਾਇਆ ।੬੦।

ਲਾ-ਮਕਾਨ ਵਿਚ ਸੈਰ ਅਸਾਡਾ, ਉਥੇ ਹੋਰ ਨ ਪਹੁੰਚੇ ਕੋਈ
ਲਖ ਸਿਆਣੇ ਅਤੇ ਇਲਮਾਂ ਵਾਲੇ, ਉਹ ਹਰਗਿਜ਼ ਲਹਿਨ ਨ ਢੋਈ
ਪਹੁੰਚੇ ਸੋਈ ਜੋ ਖੁਦੀ ਤੋਂ ਗੁਜ਼ਰੇ, ਜਿਨ੍ਹਾਂ ਦਿਲ ਦੀ ਸਾਫੀ ਹੋਈ
ਸੰਤਰੇਣ ਕੀ ਸਰਫਾ ਸਿਰ ਦਾ, ਉਥੇ ਬਿਨ ਸਿਰ ਲਖ ਖਲੋਈ ।੬੧।

ਜੈਨੂੰ ਸਾਈਂ ਅਪਣੇ ਵਲ ਸਦਦਾ, ਉਹ ਨਾਲ ਫਕਰ ਦੇ ਬੈਂਹਦਾ
ਬਿਨਾ ਮੇਹਰ ਸਾਈਂ ਦੇ ਲੋਕਾ, ਵਿਚੋਂ ਨੁਕਤਾ ਮੂਲ ਨ ਢੈਂਹਦਾ
ਛਡੇ ਖੁਦੀ ਤਾਂ ਖੁਦ ਹੋ ਬੈਠੇ, ਜੋ ਆਰਫ ਸੋ ਕੇਹਦਾ
ਸੰਤਰੇਣ ਤੂੰ ਆਪਾ ਛਡ, ਬਾਕੀ ਜੋ ਰਹਿੰਦਾ ਸੋ ਰੈਂਹਦਾ ।੬੨।

ਫਕਰ ਸੋਈ ਜੈਨੂੰ ਫਿਕਰ ਨ ਕੋਈ, ਬਿ ਫਿਕਰਾ ਫਕਰ ਕਹਾਵੈ
ਦਿਲ ਥੀਂ ਗੈਰ ਦਲੀਲ ਨ ਆਣੈ, ਤੇ ਮੂੰਹੋਂ ਨ ਗ਼ੈਰ ਅਲਾਵੈ
ਦਮ ਕਦਮ ਦੋਵੇਂ ਕਰੇ ਬਰਾਬਰ, ਸੋ ਖਾਸ ਫਕੀਰੀ ਪਾਵੈ
ਸੰਤਰੇਣ ਇਹ ਰਾਹ ਫਕਰ ਦਾ, ਬਿਨ ਕਾਮਲ ਹਥ ਨ ਆਵੈ ।੬੩।

ਜੈਨੂੰ ਜਾਗੀ ਚਿਣਗ ਇਸ਼ਕ ਦੀ, ਉਸ ਹੋਰ ਨਹੀਂ ਕੁਛ ਭਾਵੈ
ਸਸੀ ਪੁੰਨੂੰ ਤੇ ਲੈਲਾ ਮਜਨੂੰ, ਹੀਰ ਰਾਂਝਾ ਸਭ ਕੋਈ ਗਾਵੈ
ਬਾਤਨ ਵਾਲੇ ਮਨਸੂਰ ਜੇਹੇ, ਲੈ ਸਿਰ ਤੋਂ ਪਰੇ ਖਿਡਾਵੈ
ਸੰਤਰੇਣ ਇਹ ਕਰਮ ਸਾਈਂ ਦਾ, ਕੋਈ ਇਸ਼ਕ ਨਾ ਮੁਲ ਵਿਕਾਵੈ ।੬੪।

ਜ਼ਾਹਰ ਇਸ਼ਕ ਜਿਨ੍ਹਾਂ ਨੂੰ ਲਗਾ, ਉਨ੍ਹਾਂ ਸਿਰ ਤੋਂ ਕਦਮ ਅਗੇਰੇ
ਤੇ ਸਚੀ ਸੌਂਕ ਸਾਈਂ ਦੀ ਵਾਲੇ, ਸੋ ਕਿਉਂ ਰਹਨ ਪਿਛੇਰੇ
ਵੇਖਨ ਖਾਕ ਤੇ ਨਹੀਂ ਮੂੰਹ ਮੋੜਨ,ਕੋਈ ਨੂਰ ਵਾਲਾ ਮੂੰਹ ਫੇਰੇ
ਸੰਤਰੇਣ ਕੀ ਆਖ ਸੁਣਾਵਾਂ, ਇਹ ਰਾਂਝਨ ਪਰੇ ਪਰੇਰੇ ।੬੫।

ਕੀ ਆਖਾਂ ਇਕ ਪਲ ਸੁਖ ਦੀ ਗੱਲ, ਮੂੰਹੋਂ ਨਾ ਆਖੀ ਜਾਵੈ
ਤੇ ਜਿਸ ਨੂੰ ਵਿਥ ਨ ਪਉਂਦੀ ਪਲ ਦੀ, ਉਹ ਕੀ ਆਖ ਸੁਣਾਵੈ
ਜੇ ਲਖ ਬਹਿਸ਼ਤ ਤਿਸ ਅਗੇ ਧਰੀਅਨ, ਬਿਨ ਦਿਲਬਰ ਹੋਰ ਨਾ ਭਾਵੈ
ਸੰਤਰੇਣ ਸੁਖ ਦਾਤ ਖਸਮ ਦੀ, ਸੋ ਜਾਣੇ ਜਿਸ ਨੂੰ ਆਵੈ ।੬੬।

ਤੇ ਤੁਧ ਸਾਈਂ ਵਿਚ ਫ਼ਰਕ ਨ ਕੋਈ, ਜੇ ਟੁਕ ਦੂਈ ਗਵਾਏਂ
ਅਤੇ ਬਾਹਰ ਢੂੰਡਣ ਥੀਂ ਤੂੰ ਛੁਟੈ, ਦਿਲ ਵਿਚ ਦਿਲਬਰ ਪਾਏਂ
ਛਡੇ ਸ਼ੱਕ ਤੇ ਹੱਕ ਪਛਾਣੈ, ਜੇ ਨਾਲ ਮੁਰਸ਼ਦ ਦਿਲ ਲਾਏਂ
ਸੰਤਰੇਣ ਸੁਖ ਤਦ ਹਥ ਆਵੀ,ਜੇ ਨ ਵਖੇਂ ਦਾਂਇ ਬਾਂਏਂ ।੬੭।

ਇਹ ਨੁਕਤਾ ਜਿਸ ਦੇ ਹੱਥ ਆਇਆ, ਤਿਸ ਹੋਰ ਨ ਰਹਿਆ ਕਰਨਾ
ਆਖਣ ਵਿਚ ਇਹ ਬਹੁਤ ਸੁਖਾਲਾ, ਪਰ ਮਰਨ ਥੀਂ ਅਗੇ ਮਰਨਾ
ਨਾ ਕੋਈ ਖ਼ਾਹਿਸ਼ ਬਹਿਸ਼ਤ ਦੀ ਰਖੇ, ਅਤੇ ਨਾ ਦੋਜ਼ਕ ਤੇ ਡਰਨਾ
ਸੰਤਰੇਣ ਇਥੇ ਇਹ ਸਿਆਣਪ, ਲੜ ਲਗ ਕਾਮਲ ਦੇ ਤਰਨਾ ।੬੮।

ਬਿਨ ਮੁਰਸ਼ਦ ਕਾਮਲ ਦੇ ਬਾਝੋਂ, ਹੋਰ ਰਾਹ ਸਭੋ ਕੋਈ ਭੁਲਦਾ
ਜੈਨੂੰ ਮੁਰਸ਼ਿਦ ਨਾਲ ਮੁਹਬਤ, ਤਿਨ ਸਿਰ ਛਤ੍ਰ ਫਤਹ ਦਾ ਝੁਲਦਾ
ਖੈਰ ਫਕਰ ਦਾ ਤਿਸ ਹਥ ਆਵੈ, ਜੋ ਦਰ ਕਾਮਲ ਦੇ ਰੁਲਦਾ
ਸੰਤਰੇਣ ਚਲ ਮਿਲ ਸਚਿਆਰਾਂ,ਇਹ ਰਾਹ ਵਡਾ ਈ ਪੁਲ ਦਾ ।੬੯।

ਸੁਖ ਸਾਈਂ ਦਾ ਤਿਸ ਦੇ ਹਿਸੇ, ਜੈ ਨੂੰ ਕੰਮ ਨਾਲ ਨ ਦੁਨੀਅ ਦਾਹਾਂ
ਲੈਣ ਦੇਣ ਜਿਸ ਨਾਲ ਫ਼ਕੀਰਾਂ, ਉਹ ਕਰਦਾ ਸਦਾ ਬਹਾਰਾਂ
ਕਰੇ ਕਿਨਾਇਤ ਤੇ ਪਕੜੇ ਗੋਸ਼ਾ, ਵਿਚ ਬੈਠਾ ਗੁਲਜ਼ਾਰਾਂ
ਸੰਤਰੇਣ ਉਸ ਖੁਸ਼ੀ ਹਮੇਸ਼ਾਂ, ਜਿਸ ਮੁਹਬਤ ਪਾਈ ਯਾਰਾਂ ।੭੦।

ਅੰਦਰੋਂ ਦੁਨੀਆਂ ਨਾਲ ਮੁਹਬਤ, ਉਤੇ ਜ਼ਿਕਰ ਸਾਈ ਦਾ ਕਰਦਾ
ਗੱਲੀਂ ਸੈਰ ਕਰੇ ਅਸਮਾਨੀਂ, ਤੇ ਕੌਡੀ ਤੋਂ ਲੜ ਮਰਦਾ
ਪੈਰੀਂ ਸੰਗਲ ਤੇ ਹਥ ਹਥੌੜੀ, ਓ ਡਿਠੋਈ ਕੋਈ ਤਰਦਾ
ਸੰਤਰੇਣ ਉਹ ਠੱਗ ਸਾਈਂ ਦਾ, ਉਸ ਥੋਂ ਦੋਜ਼ਕ ਭੀ ਪਿਆ ਡਰਦਾ ।੭੧।

ਦਿਲ ਵਿਚ ਜਿਸ ਨੂੰ ਸਾਈਂ ਪਿਆਰਾ, ਉਹ ਭੀ ਸਭ ਕੁਝ ਕਰਦਾ
ਲੋਕਾਂ ਵਿਚ ਓਹ ਲੋਕਾਂ ਜਿਹਾ, ਅਗੇ ਕਦਮ ਫਕਰਾਂ ਵਿਚ ਧਰਦਾ
ਦਿਲ ਵਿਚ ਹਰਗਿਜ਼ ਗ਼ੈਰ ਨ ਜਾਣੇ, ਜ਼ਾਹਰ ਲੜਦਾ ਮਰਦਾ
ਸੰਤਰੇਣ ਓਹ ਦੋਵੇਂ ਬਰਾਬਰ, ਵਿਚ ਜ਼ਰਾ ਕੁ ਜਿਹਾ ਪੜਦਾ ।੭੨।

ਜਿਸ ਨੂੰ ਮਿਲਿਆ ਯਾਰ ਪਿਆਰਾ, ਉਸ ਸੁਖ ਨਾਲ ਉਮਰ ਵਿਹਾਣੀ
ਬਿਨ ਦਿਲਬਰ ਹੋਰ ਤਿਸ ਹੋਰ ਨ ਦਿਸੈ, ਮਿਲਣ ਦੀ ਇਹ ਨਿਸਾਣੀ
ਮਿਲਿਆਂ ਜੁਦਾ ਨ ਹੋਵੇ ਹਰਗਿਜ਼, ਜਿਉਂ ਬਰਫ ਮਿਲੀ ਨਾਲ ਪਾਣੀ
ਸੰਤਰੇਣ ਪਰ ਮਿਲਦਾ ਉਹੋ, ਜਿਸ ਕੀਤੀ ਤਬਾ ਨਿਮਾਣੀ ।੭੩।

ਜਿਸ ਨੂੰ ਮੁਰਸ਼ਦ ਨਾਲ ਮੁਹੱਬਤ, ਸੁਖ ਆਵੈ ਤਿਸੇ ਦੇ ਹਿਸੇ
ਜ਼ਾਹਰ ਨੇਕ ਅਮਲ ਜੋ ਕਰਦਾ, ਉਸ ਬਾਤਨ ਗ਼ੈਰ ਨ ਦਿਸੈ
ਸਚੀ ਸਿਕ ਤੇ ਮੰਗ ਸਚਿਆਰਾਂ, ਏ ਹਥ ਚੜ੍ਹੀ ਦਉਲਤ ਕਿਸੈ
ਸੰਤਰੇਣ ਉਹ ਸਭ ਥੀਂ ਡਾਢੇ, ਪਰ ਦਿਲ ਥੀਂ ਸਭ ਥੀਂ ਲਿਸੇ ।੭੪।

ਜਿਸ ਨੂੰ ਕੰਮ ਸਾਈਂ ਨਾਲ ਹੋਇਆ, ਉਹ ਲੋਕਾਂ ਵੱਲ ਕੀ ਵੇਖੇ
ਕੋਈ ਨਿੰਦੇ, ਕੋਈ ਵੰਦੇ, ਉਸ ਨੂੰ, ਦਵੇਂ ਇਕਤੇ ਲੇਖੇ
ਦਿਲ ਥੀਂ ਹਰਗਿਜ਼ ਗ਼ੈਰ ਨਾ ਜਾਣੇ, ਉਹ ਹਰਿ ਵੇਖੇ ਹਰ ਭੇਖੇ
ਸੰਤਰੇਣ ਜੋ ਖ਼ੁਦੀ ਤੋਂ ਗੁਜ਼ਰੇ, ਸੋ ਅਜਬ ਤਮਾਸ਼ਾ ਵੇਖੇ ।੧੫।

ਜਿਨ੍ਹਾਂ ਕੰਮਾਂ ਨੂੰ ਭਜ ਭਜਿ ਪਉਂਦੇ, ਸੇ ਕੰਮ ਨ ਕਿਤੇ ਆਵਨ
ਜੇੜ੍ਹਾ ਕੰਮ ਜ਼ਰੂਰੀ ਸਭ ਨੂੰ, ਉਸ ਤੋਂ ਭਜ ਭਜ ਜਾਵਨ
ਛਡਨ ਸੱਚ ਤੇ ਕੱਚ ਵਿਹਾਝਨ, ਸੇ ਆਖ਼ਰ ਪਛੋਤਾਵਨ
ਸੰਤਰੇਣ ਜੇੜ੍ਹੇ ਛਡ ਖਲੋਤੇ, ਸੇ ਹਰਗਿਜ ਖ਼ਤਾ ਨ ਖਾਵਨ ।੧੬।

ਕੰਮ ਜ਼ਰੂਰੀ ਪਏ ਬੇ ਮਜ਼ਰੂਰੀ, ਇਹ ਆਖ਼ਰ ਕੰਮ ਨਾ ਕੰਮ ਦੇ
ਹੀਲੇ ਲਖ ਦੁਨੀਆਂ ਦੇ ਕਰਦੇ, ਸਾਰੀ ਉਮਰ ਗਈ ਵਿਚ ਗ਼ਮ ਦੇ
ਹੁਕਮ ਹਕੂਮਤ ਚਾਰ ਦਿਹਾੜੇ, ਇਹ ਦਾਮ ਚਲਾਵਣ ਚੰਮ ਦੇ
ਸੰਤਰੇਣ ਤਿਨਾਂ ਹੋਈ ਖਲਾਸੀ, ਜੇੜ੍ਹੇ ਵਾਕਫ ਹੋਏ ਦਮ ਦੇ ।੧੭।

ਜੇੜ੍ਹੇ ਦਮ ਦੇ ਵਾਕਫ ਹੋਏ, ਸੇ ਗ਼ੈਰ ਦਲੀਲ ਨ ਕਰਦੇ
ਜੋ ਦਮ ਕੱਢਣ ਸੋ ਯਾਦ ਸਾਈਂ ਦੀ, ਇਕ ਕਦਮ ਨਾ ਡਿੰਗਾ ਧਰਦੇ
ਇਕ ਪਲ ਜੁਦਾ ਨ ਹੋਵਨ ਹਰਗਿਜ਼, ਜਿਥੋਂ ਤਾਈਂ ਸਰਦੇ
ਸੰਤਰੇਣ ਜੇਹੜੇ ਵਾਕਫ ਦਮ ਦੇ, ਸੇ ਖਾਸ ਸਾਈਂ ਦੇ ਬਰਦੇ ।੧੮।

ਜੀਮ ਜ਼ਰੂਰ ਕੰਮਾਂ ਦੀ ਕੇਹੀ, ਜਾਂ ਇਥੇ ਮੂਲ ਨ ਰੈਹਣਾ
ਜਿਸ ਨੂੰ ਰਾਤ ਸਰਾਂ ਵਿਚ ਆਵੇ, ਤਿਸ ਦਾਵਾ ਕੀ ਬੰਨ੍ਹ ਬੈਹਣਾ
ਦਿਨ ਚੜ੍ਹਿਆ ਉਠ ਰਾਹੀ ਹੋਇਆ, ਉਸ ਭਲਾ ਬੁਰਾ ਕੀ ਕੈਹਣਾ
ਸੰਤਰੇਣ ਜੇ ਮਿਲੇ ਫਕੀਰਾਂ, ਤਾਂ ਸਭ ਵਲ ਤੇਰਾ ਲੈਹਣਾ ।੧੯।

ਕੰਮ ਜ਼ਰੂਰੀ ਤੇਰੇ ਇਥੇ ਰਹਿਸਨ,ਪਉਸੀ ਕੰਮ ਅਗੇਰੇ
ਇਕ ਕਦਮ ਤੇਰੇ ਨਾਲ ਨ ਜਾਸਨ,ਜੇੜ੍ਹੇ ਮੰਨ ਬੈਠੋਂ ਤੂੰ ਮੇਰੇ
ਜਿਨ੍ਹਾਂ ਨਾਲ ਮੁਹਬਤ ਤੇਰੀ, ਸੇ ਦੁਸ਼ਮਨ ਹੋਸਨ ਤੇਰੇ
ਸੰਤਰੇਣ ਏਥੇ ਰਹਿਣ ਨਾ ਹੋਂਦਾ, ਕੁਝ ਕਰ ਲੈ ਕੰਮ ਸਵੇਰੇ।੮੦।

ਦਾਲ ਦੀਨ ਨਾ ਹੋਵੇ ਕਿਸੇ ਦੇ ਅਗੇ, ਜੋ ਲਿਖਯਾ ਸਭ ਦੇ ਨਾਲੇ
ਚਉਰਾਸੀ ਲਖ ਜੋਨ ਉਪਾਈ, ਉਹ ਸਭ ਨੂੰ ਆਪ ਸਮਾਲੇ
ਪਲ ਪਲ ਖਬਰ ਲਏ ਉਹ ਸਭ ਦੀ,ਮਾਤ ਪਿਤਾ ਜਿਉਂ ਪਾਲੇ
ਸੰਤਰੇਣ ਹੁਣ ਚਿੰਤਾ ਕੇਹੀ, ਜਾਂ ਰਾਜ਼ਕ ਡਿਠਾ ਨਾਲੇ ।੮੧।

ਕੀ ਆਖਾਂ ਇਕ ਪਲ ਸੁਖ ਦੀ ਗਲ, ਮੂਹੋਂ ਨ ਆਖੀ ਜਾਵੇ
ਜਿਸ ਨੂੰ ਵਿਥ ਨ ਪਉਂਦੀ ਪਲ ਦੀ, ਓਹ ਕੀ ਆਖ ਸੁਣਾਵੇ
ਜਿ ਲਖ ਬਹਿਸ਼ਤ ਅਗ ਧਰੀਏ, ਬਿਨ ਸਾਈ ਬਿਆ ਨ ਭਾਵੇ
ਸੰਤਰੇਣ ਸੁਖ ਦਾਤ ਖਸਮ ਦੀ, ਸੋ ਜਾਣੇ ਜਿਸ ਨੂੰ ਆਵੇ ।੮੨।

ਜੇਹਾ ਸਾਈਂ ਸੰਤਾਂ ਪਿਆਰਾ, ਹੋਰ ਨਾ ਹੋਂਦਾ ਕਿਸੇ
ਅਤੇ ਜੇਹੜਾ ਕਦਰ ਸਾਈਂ ਦੀ ਜਾਣੇ, ਸੁਖ ਆਵੇ ਤਿਸ ਦੇ ਹਿਸੇ
ਜਿਸ ਦੀ ਲਗਨ ਹੋਵੇ ਦਿਲ ਅੰਦਰ, ਉਸ ਹਰ ਵਲ ਉਹੋ ਦਿਸੇ
ਸੰਤਰੇਣ ਸਾਈਂ ਦਾ ਹੋਵੇਂ, ਤਾਂ ਸਾਂਈਂ ਤੈਂਥੈ ਵਿਸੇ । ੮੩।

ਮਹਵ ਜਾਨੀ ਨਾਲ ਓਹੋ ਹੋਇ, ਜਿਨ੍ਹਾਂ ਲੜ ਕਾਮਲ ਦਾ ਫੜਿਆ
ਤੇ ਜਿਸ ਤੇ ਨਜ਼ਰ ਮਿਹਰ ਦੀ ਕਰਦੇ, ਉਹ ਘਰ ਆਪਣੇ ਜਾਇ ਵੜਿਆ
ਬਿਨ ਮੁਰਸ਼ਦ ਕੰਮ ਕੁਝ ਨ ਹੋਂਦਾ, ਇਹ ਘਾਟ ਅਵੇਹਾ ਘੜਿਆ
ਸੰਤਰੇਣ ਘਰ ਰਬ ਦਾ ਉਚਾ, ਬਿਨ ਪਉੜੀ ਕੋਈ ਨ ਚੜ੍ਹਿਆ ।੮੪।

ਤੇ ਜੇੜ੍ਹਾ ਉਚੀ ਜਾਹਾਂ ਤੇ ਬਹਿਦਾ, ਉਸ ਨੂੰ ਸਭ ਕਿਛ ਦਿਸਦਾ
ਜਿਸ ਵਲ ਵੇਖੇ ਸਾਈਂ ਹੀ ਵੇਖੇ, ਹਥ ਫੜੇ ਮੁਰਸ਼ਦ ਲੈ ਜਿਸ ਦਾ
ਨਜ਼ਰ ਕਾਮਲ ਦੀ ਬਹੁਤੇ ਤਾਰੇ, ਨਾਉਂ ਲਈ ਕਿਸ ਕਿਸ ਦਾ
ਸੰਤਰੇਣ ਜੇ ਕਰਮ ਕਰੇ ਰਬ, ਮੈਂ ਭੀ ਹੋਵਾਂ ਤਿਸ ਦਾ ।੮੫।

ਹਿੰਦੂ ੁਰਕ ਦੁਹੀਂ ਥੀਂ ਨਿਆਰੇ, ਜਾਤ ਫਕਰ ਸਾਈਂ ਹੋਇਆ ਆਪੇ
ਤੇ ਅੱਖੀਂ ਵਾਲਿਆਂ ਨੂੰ ਸਭ ਕਿਛ ਮਾਲੂਮ, ਤੇ ਅੰਨ੍ਹੇ ਨੂੰ ਕੀਕੁਰ ਜਾਪੇ
ਜੇਹੇ ਅਸੀਂ ਤੇਹੇ ਜੇਹੇ ਏ ਭੀ, ਸਭ ਨੂੰ ਜਾਣਦੇ ਮਾਪੇ
ਸੰਤਰੇਣ ਉਹ ਹੋਰ ਅੱਖੀਂ ਨੀ, ਜਿਨ੍ਹੀ ਅੱਖੀਂ ਫਕਰ ਸਿਞਾਪੇ ।੮੭।

ਕਾਫ ਕਨਾਇਤ ਕਰੇ ਜੇ ਕੋਈ, ਉਸ ਖਾਤਰ ਕੁਝ ਨ ਰੈਂਹਦੀ
ਰਾਜਾ ਰੰਕ ਉਸੇ ਨੂੰ ਦਿਸਦਾ, ਜਿਸ ਨੂੰ ਖਾਹਿਸ਼ ਦਿਲ ਵਿਚ ਬੈਂਹਦੀ
ਕਰਮ ਕਰੇ ਤਾਂ ਖਾਹਿਸ਼ ਛੁਟਦੀ, ਨਹੀਂ ਜਾਂਦੀ ਦੁਨੀਆਂ ਵੈਂਹਦੀ
ਸੰਤਰੇਣ ਕੋਈ ਦਿਲ ਥੀਂ ਛਡਦਾ, ਅਤੇ ਮੂੰਹੋ ਸਭਾ ਪਈ ਕੈਂਹਦੀ ।੮੮।

ਜੋ ਸਾਬਤ ਇਸ਼ਕ ਉਸੇ ਦਾ ਹੋਇਆ, ਜਿਸ ਪਿਛੇ ਕਦਮ ਨ ਧਰਿਆ
ਹਰ ਦਮ ਕਦਮ ਸਵਾਇਆ ਅਗੇ, ਜਿਥੋਂ ਤਾਈਂ ਸਰਿਆ
ਹਿਰਸ ਹਵਾਇ ਦੁਨੀਆਂ ਦੀ ਛਡੀ, ਲੜ ਲਗ ਕਾਮਲ ਦੇ ਤਰਿਆ
ਸੰਤਰੇਣ ਨੁਕਤਾ ਹਥ ਆਇਆ, ਜਾਂ ਇਲਮ ਬੇਨੁਕਤਾ ਪੜ੍ਹਿਆ ।੮੯।

ਜੋ ਜ਼ਿਕਰ ਕੀਤਾ ਮਨ ੂਰ ਖੁਦਾਈ, ਉਸ ਐਨਲਹਕ ਸੁਣਾਇਆ
ਤਹਕੀਕ ਕੀਤਾ ਦਿਲ ਨਾਲ ਗੁਆਹੀਆਂ, ਤਾਂ ਇਹ ਸੁਖ਼ਨ ਅਲਾਇਆ
ਲੋਕਾਂ ਫੜ ਕੇ ਸੂਲੀ ਚਾੜ੍ਹਿਆ, ਉਸ ਕਾਮਲ ਦਰਜਾ ਪਾਇਆ
ਸੰਤਰੇਣ ਮਨਸੂਰ ਨ ਰਿਹਾ ਤਾਂ, ਇਹ ਨੁਕਤਾ ਹਥ ਆਇਆ ।੯੦।

ਏਨਾ ਵਿਖਯਾਂ ਦੇ ਸਵਾਦ ਸਾਰਾ ਜਗ ਠਗਿਆ, ਤੂੰ ਏਹ ਨ ਛਡੇਂ ਕਦਾਹੀਂ
ਤਪੇ ਤਪੀਸਰ ਸਭ ਨੂੰ ਠਗਦੇ, ਜੇੜੇ ਰਹਿੰਦੇ ਉਠ ਸਬਾਹੀਂ
ਸਿਰ ਦੇ ਕੇਸ ਚਿਟੇ ਸਭ ਹੋਇ ਤੇਰੇ, ਤੂੰ ਅਜੇ ਭਿ ਸਮਝੇ ਨਾਹੀਂ
ਸੰਤਰੇਣ ਜੇ ਛਡੇ ਇਨ੍ਹਾਂ ਨੂੰ, ਤਾਂ ਹੋਵੀ ਸੁਖ ਤਦਾਈਂ ।੯੧।

ਵਿਖਯਾਂ ਦਾ ਸੁਆਦ ਤਾਂਹੀਂ ਏਹ ਛੁਟਤਾ, ਜੇ ਸਾਈਂ ਦਾ ਰਸ ਆਵੈ
ਗੱਲ ਨਾਲ ਛਡਨ ਬਹੁਤੇਰੇ, ਕਰ ਕਰ ਝੂਠੇ ਦਾਵੈ
ਹੋਰ ਕਿਵੇਂ ਸੁਆਦ ਨ ਛੁਟੇ ਇਨ੍ਹਾਂ ਦਾ, ਤੋੜੇ ਅਠਸਠ ਤੀਰਥ ਨ੍ਹਾਵੇ
ਸੰਤਰੇਣ ਜਿਸ ਅੰਮ੍ਰਿਤ ਪੀਤਾ, ਤਿਸ ਹੋਰ ਸੁਆਦ ਨ ਭਾਵੇ ।੯੨।

ਬਿਨਾ ਦਰਦ ਕੋਈ ਫਕਰ ਨ ਹੋਸੀ, ਅਗੇ ਨ ਕੋਈ ਹੋਇਆ ਨ ਹੋਂਦਾ
ਦਰਦ ਰਫੀਕ ਹਮੇਸ਼ਾ ਫਕਰ ਦਾ, ਉਹ ਨਾਲ ਦਰਦ ਦੇ ਹਸਦਾ ਰੋਂਦਾ
ਜਿਸ ਨੂੰ ਦਰਦ ਸੁਹਾਸਲ ਹੋਇਆ, ਬਿਨ ਦਰਦ ਸੁ ਦੂਰ ਖਲੋਂਦਾ
ਸੰਤਰੇਣ ਸੋ ਕਾਮਲ ਹੋਂਦਾ, ਜੋ ਹਥ ਦੁਨੀਆਂ ਤੋਂ ਧੋਂਦਾ ।੯੩।

ਜੇਹੜੇ ਸਭ ਵਿਚ ਸਾਈਂ ਵੇਖਨ; ਤਿਨਾ ਦਰ ਹਥ ਆਵੇ
ਬਿਨਾ ਦਰਦ ਕੋਈ ਫਕਰ ਨ ਹੋਂਦਾ, ਤੋੜੇ ਏਨ੍ਹੇ ਵਡੇ ਦਾਵੇ
ਜਿਸ ਨੂੰ ਸ਼ੋਕ ਫਕਰ ਦਾ ਹੋਵੇ, ਸੋ ਦਰਦਵੰਦਾਂ ਕੋਲ ਜਾਵੇ
ਸੰਤਰੇਣ ਇਹ ਦਰਦ ਫਕਰ ਦਾ, ਲੈ ਸਿਰ ਤੋਂ ਪਰੈ ਖਿਡਾਵੇ ।੯੪।

ਮਨਸੂਰ ਲੈ ਲੋਕਾਂ ਸੂਲੀ ਚਾੜ੍ਹਿਆ, ਉਸ ਜ਼ਰਾ ਨ ਗੁੱਸਾ ਆਂਦਾ
ਵਿਚ ਦਰੀਆਉ ਦੇ ਜੋ ਬਾਹ ਘਤੋ, ਮਤ ਲੋਕ ਕੋਈ ਰੁੜ੍ਹ ਜਾਂਦਾ
ਸਿਰ ਤੋਂ ਪਰੇ ਦਰਦ ਉਸ ਕੀਤਾ, ਮੂੰਹੋ ਐਨਲਹਕ ਅਲਾਂਦਾ
ਸੰਤਰੇਣ ਇਹ ਦਰਦ ਅਵੇਹਾ, ਖੁਦ ਹੋਇ ਕੇ ਖੁਦੀ ਨੂੰ ਖਾਂਦਾ ।੯੫।

ਸਾਧਾਂ ਦੇ ਲੱਖਣਾਂ ਦੀਆਂ ਮਾਝਾਂ (ਸੰਤਰੇਣ)

ਕਰ ਕਰ ਭੇਖ ਲੋਕਾਂ ਨੂੰ ਠਗਦੇ, ਇਹ ਲੱਖਣ ਸਾਧ ਨ ਕਹਿੰਦੇ
ਸਾਧ ਨ ਨਾਉਂ ਨਿਧੜਕ ਹੋਣ ਦਾ, ਹਰ ਯਕ ਨੂੰ ਕੁਛ ਕਹਿੰਦੇ
ਸਾਧ ਨ ਨਾਉਂ ਜਗ ਨੂੰ ਪ੍ਰਬੋਧਨ, ਦੇ ਧਰਨਾ ਬੂਹੇ ਬਹਿੰਦੇ
ਸੰਤਰੇਣ ਸਾਧਾਂ ਦੇ ਲੱਖਣ, ਜੋ ਸਭ ਨਾਲ ਰਾਜ਼ੀ ਰਹਿੰਦੇ।੧।

ਸਾਧ ਨ ਨਾਉਂ ਚਤਰ ਹੋਣ ਦਾ, ਸਾਧ ਨ ਮੂੜ ਸਦਾਵਣ
ਸਾਧ ਨ ਨਾਉਂ ਭੁਖੇ ਮਰਣਾ, ਸਾਧ ਨ ਰੱਜ ਰੱਜ ਖਾਵਣ
ਸਾਧ ਨ ਨਾਉਂ ਹੋ ਬਹੇ ਇਕੱਲਾ, ਸਾਧ ਨ ਸਭਾ ਲਗਾਵਣ
ਸੰਤਰੇਣ ਸਾਧਾਂ ਦੇ ਲੱਖਣ, ਮਨ ਨੂੰ ਹਰਿ ਵਲ ਲਾਵਣ।੨।

ਸਾਧ ਨ ਹੋਂਦਾ ਟੋਪੀ ਪਾਇਆਂ, ਨ ਹੋਂਦਾ ਕਫਨੀਂ ਸੇਲ੍ਹੀ
ਸਾਧ ਨ ਹੋਂਦਾ ਹੱਥ ਫ਼ਹੌੜੀ, ਨਹੀਂ ਹੁੰਦੀ ਧੂਣੀ ਮੇਲੀਂ
ਸਾਧ ਨ ਹੋਂਦਾ ਗੁਰੂ ਸਦਾਇਆਂ, ਨ ਹੋਂਦੀ ਬਹੁਤੀਂ ਚੇਲੀਂ
ਸੰਤਰਣ ਸਾਧਾਂ ਦੇ ਲੱਖਣ, ਬਿਨ ਸਾਈਂ ਹੋਰ ਨ ਬੇਲੀ।੩।

ਦਿਗੰਬਰ ਹੋਇਆ ਸਾਧ ਨ ਹੋਂਦਾ, ਨਾ ਹੋਂਦਾ ਬਸਤਰ ਓਢਾਇਆਂ
ਟਿੱਕੀ ਲਾਈ ਸਾਧ ਨ ਹੋਂਦਾ, ਨਾ ਹੋਂਦਾ ਤੀਰਥ ਨ੍ਹਾਇਆਂ
ਸਾਧ ਨ ਹੋਂਦਾ ਖਿੰਥਾ ਪਹਰੇ, ਨਾ ਹੋਂਦਾ ਕੰਨ ਪੜਾਇਆਂ
ਸੰਤਰੇਣ ਸਾਧਾਂ ਦੇ ਲਖਣ, ਸਾਧ ਹੋਂਦਾ ਸਮਤਾ ਆਇਆਂ।੪।

ਸਾਧ ਨ ਹੋਂਦਾ ਜਟਾਂ ਵਧਾਇਆਂ, ਨਹੀਂ ਹੋਂਦਾ ਘਰੜ ਮੁਨਾਇਆਂ
ਸਾਧ ਨ ਹੋਂਦਾ ਮੋਨੀ ਹੋਇਆਂ, ਨਾ ਹੋਂਦਾ ਕਥਾ ਸੁਣਾਇਆਂ

ਸਾਧ ਨਾ ਹੋਂਦਾ ਮਾਨ ਲੋਕਾਂ ਵਿਚ, ਨਾ ਹੋਂਦਾ ਤਾੜੀ ਲਾਇਆਂ
ਸੰਤਰੇਣ ਸਾਧਾਂ ਦੇ ਲਖਣ, ਸਾਧ ਹੋਂਦਾ ਹਰ ਵਲ ਲਾਇਆਂ ।੫।

ਸਾਧ ਨ ਹੋਂਦਾ ਭਗਵੇਂ ਪਹਰੇ, ਨ ਹੋਂਦਾ ਚਿਟੇ ਬਾਣੇ
ਸਾਧ ਨਾ ਹੋਂਦਾ ਰੁਖਾ ਖਾਧੇ, ਸਾਧ ਨ ਹੋਂਦਾ ਚਿਕਣੇ ਖਾਣੇ
ਸਾਧ ਨ ਹੋਂਦਾ ਦੇਹ ਸੁਕਾਇਆਂ, ਜਾ ਬੈਹਣਾ ਮੜ੍ਹੀ ਮਸਾਣੇ
ਸੰਤਰੇਣ ਸਾਧਾਂ ਦੇ ਲੱਖਣ, ਜੋ ਸਭ ਵਿਚ ਰਾਮ ਪਛਾਣੇ ।੬।

ਡਰਦਿਆਂ ਕੀਤਿਆਂ ਸਾਧ ਹੋਂਦਾ, ਨਾ ਹੋਂਦਾ ਮੋਨੀ ਹੋਇਆਂ
ਸਾਧ ਨ ਹੋਂਦਾ ਕੁਚੀਲ ਰਹਿਣ ਕਰ, ਨ ਹੋਂਦੀ ਦੇਹੀ ਧੋਇਆਂ
ਸਾਧ ਨ ਨਾਉਂ ਰਾਤੀ ਦਾ ਜਾਗਣ, ਨ ਪੈ ਕੇ ਨਿਸਲ ਹੋਇਆਂ
ਸੰਤਰੇਣ ਸਾਧਾਂ ਦੇ ਲੱਖਣ, ਸਾਧ ਹੋਂਦਾ ਹਉਮੈ ਖੋਇਆਂ ।੭।

ਮੁਹੱਬਤ ਬਣਿਆਂ ਭੀ ਸਾਧ ਨ ਹੋਂਦਾ; ਪੂਜਾ ਬਹੁਤ ਕਰਾਇਆ
ਲੋਕ ਰਿਝਾਝਿਆਂ ਸਾਧ ਨ ਹੋਂਦਾ, ਨਹੀਂ ਹੋਂਦਾ ਪੈਰ ਚੁੰਮਾਇਆਂ
ਸਾਧ ਨ ਹੋਂਦਾ ਜੰਞੂ ਤੋੜਿਆਂ, ਨਹੀਂ ਹੋਂਦੀ ਕੰਠੀ ਪਾਇਆਂ
ਸੰਤਰੇਣ ਸਾਧਾਂ ਦੇ ਲੱਖਣ, ਸਾਧ ਹੋਂਦਾ ਮਨ ਵਸ ਆਇਆਂ ।੮।

ਪ੍ਰਿਥਵੀਂ ਭ੍ਰਮਿਆਂ ਸਾਧ ਨ ਹੋਂਦਾ, ਨਹੀਂ ਹੋਂਦਾ ਹਠ ਤਪ ਕਰਨਾ
ਦੇਹ ਵਧਾਇਆਂ ਸਾਧ ਨ ਹੋਂਦਾ, ਨਹੀਂ ਜਾਇ ਹਿਮਾਲੇ ਗਰਨਾ
ਮਾਇਆ ਬਹੁਤੀ ਸਾਧ ਨ ਹੋਂਦਾ, ਨਹੀਂ ਹੋਂਦਾ ਗ਼ਮ ਵਿਚ ਮਰਨਾ
ਸੰਤਰੇਣ ਸਾਧਾਂ ਦੇ ਲਖਣ, ਜੋ ਮਨ ਨੂੰ ਅਸਥਿਤ ਕਰਨਾ ।੯।

ਜੋਗੀ ਹੋਇਆਂ ਸਾਧ ਨ ਹੋਂਦਾ, ਨਹੀਂ ਜੰਗਮ ਭੇਖ ਬਣਾਇਆਂ
ਗੇਰੀ ਰੰਗਿਆਂ ਸਾਧ ਨ ਹੋਂਦਾ, ਨਹੀਂ ਹੋਂਦਾ ਬ੍ਰਹਮਚਰਜ ਦਿਖਾਇਆਂ
ਕੁਤਕੀ ਛਾਪੀ ਸਾਧ ਨ ਹੋਂਦਾ, ਨਹੀਂ ਹੋਂਦਾ ਮਥਾ ਖੁਹਾਇਆਂ
ਸੰਤਰੇਣ ਸਾਧਾਂ ਦੇ ਲੱਖਣ, ਸਾਧ ਹੋਂਦਾ ਗਿਆਨ ਵਧਾਇਆਂ ।੧੦।

ਸਰਵੰਗੀ ਹੋਇਆਂ ਸਾਧ ਨ ਹੋਂਦਾ, ਭੱਖ ਅਭੱਖ ਦਾ ਖਾਵਣ
ਸਾਧ ਨ ਹੋਂਦਾ ਚੋਕੇ ਢਪ ਚੜ੍ਹਿਆਂ, ਨਹੀਂ ਹੋਂਦਾ ਚਿਹਨ ਦਿਖਾਵਨ
ਸਾਧ ਨ ਹੋਂਦਾ ਖਿੰਥਾ ਪਹਰੇ, ਨਹੀਂ ਹੋਂਦਾ ਪਟ ਹੰਢਾਵਨ
ਸੰਤਰੇਣ ਸਾਧਾਂ ਦੇ ਲਖਣ, ਸਾਧ ਹੋਂਦਾ ਹਾਲ ਬਣਾਵਨ ।੧੧।

ਜਪਮਾਲੀ ਫੇਰਿਆਂ ਸਾਧ ਨ ਹੋਂਦਾ, ਨਹੀਂ ਹੋਂਦਾ ਦੂਧਾਧਾਰੀ
ਦੇਹੀ ਸਾੜਿਆਂ ਸਾਧ ਨ ਹੋਂਦਾ, ਨਹੀਂ ਹੋਂਦਾ ਪੌਣ ਅਹਾਰੀ
ਸਾਧ ਨ ਹੋਂਦਾ ਧੂਣੀ ਲਾਇਆਂ, ਨਹੀਂ ਬੈਠਿਆਂ ਠਾਕੁਰ ਦੁਆਰੀ
ਸੰਤਰੇਣ ਸਾਧਾਂ ਦੇ ਲਖਣ, ਸਾਧ ਹੋਂਦਾ ਹਉਮੈ ਮਾਰੀ ।੧੨।

ਕਥਨੀ ਕਥਿਆਂ ਸਾਧ ਨ ਹੋਂਦਾ, ਨਹੀਂ ਹੋਂਦਾ ਗਿਆਨ ਸੁਣਾਇਆਂ
ਸਿਧੀ ਆਈ ਸਾਧ ਨ ਹੋਂਦਾ, ਨਹੀਂ ਹੋਂਦਾ ਗੁਰੂ ਮਨਾਇਆਂ
ਆਸਨ ਸਿਖਿਆ ਸਾਧ ਨ ਹੋਂਦਾ, ਨਹੀਂ ਹੋਂਦਾ ਜੋਗ ਕਮਾਇਆਂ
ਸੰਤਰੇਣ ਸਾਧਾਂ ਦੇ ਲਖਣ, ਸਾਧ ਹੋਂਦਾ ਮਨ ਸਮਝਾਇਆਂ ।੧੩।

ਵਰ ਸ੍ਰਾਪ ਦੀ ਸ਼ਕਤ ਜਿਨ੍ਹਾਂ ਨੂੰ, ਤੇ ਭੀ ਸਾਧ ਨ ਕਹੀਏ
ਸਾਧ ਨਹੀਂ ਦਰ ਦਰ ਦਾ ਫਿਰਣਾ, ਨਹੀਂ ਧਰਣਾ ਦੇ ਕੇ ਬਹੀਏ
ਸਾਧ ਨ ਹੋਂਦਾ ਨਾਂਗਾ ਹੋਇ ਬਹਿਣਾ, ਦੇਹ ਆਪਣੀ ਨੂੰ ਦਹੀਏ
ਸੰਤਰੇਣ ਸਾਧਾਂ ਦੇ ਲਖਣ, ਜੋ ਆਤਮ ਸੁਖ ਵਿਚ ਰਹੀਏ ।੧੪।

ਸਾਧ ਨ ਹੋਂਦਾ ਪਾਣੀ ਦੇ ਟੁਰਿਆਂ, ਨਹੀਂ ਹੋਂਦਾ ਉਡਿਆਂ ਅਕਾਸੀਂ
ਬਸਤ੍ਰ ਪਹਿਰਿਆਂ ਸਾਧ ਨ ਹੋਂਦਾ, ਨਹੀਂ ਹੋਂਦਾ ਭਇਆਂ ਉਦਾਸੀ
ਧਾਮੀ ਪਰਸਿਆ ਸਾਧ ਨ ਹੋਂਦਾ, ਨਹੀਂ ਹੋਂਦਾ ਗੰਗਾ ਕਾਂਸੀ
ਸੰਤਰੇਣ ਸਾਧਾਂ ਦੇ ਲਖਣ, ਜੋ ਪਾਇਆ ਪਦ ਅਬਨਾਸੀ ।੧੫।

ਜਮਾਤ ਬਣਾਇਆ ਸਾਧ ਨ ਹੋਂਦਾ, ਨਾਲ ਹੋਵਨ ਊਠ ਨਗਾਰੇ
ਬਿਭੂਤ ਚੜ੍ਹਾਇਆਂ ਸਾਧ ਨ ਹੋਂਦਾ, ਨਹੀਂ ਹੋਂਦਾ ਜਟਾਂ ਸਵਾਰੇ
ਕਠਨ ਵਿਦਿਆ ਪੜ੍ਹ ਸਾਧ ਨ ਹੋਂਦਾ, ਭਾਵੇਂ ਵਦ ਪੜ੍ਹੇ ਮੁਖ ਚਾਰੇ
ਸੰਤਰੇਣ ਸਾਧਾਂ ਦੇ ਲੱਖਣ, ਸਾਧ ਹੋਂਦਾ ਮਨ ਦੇ ਮਾਰੇ ।੧੬।

ਭੁਇ ਤੇ ਸੁਤਿਆਂ ਸਾਧ ਨ ਹੋਂਦਾ, ਨਹੀਂ ਹੋਂਦਾ ਪਲੰਘ ਵਿਛਾਇਆਂ
ਬਲਕਲ ਪਹਿਰੇ ਸਾਧ ਨ ਹੋਂਦਾ, ਨਹੀਂ ਹੋਂਦਾ ਪਟ ਹੰਢਾਇਆਂ
ਕਰਮੀਂ ਛਡੀ ਸਾਧ ਨ ਹੋਂਦਾ, ਨਹੀਂ ਹੋਂਦਾ ਕਰਮ ਕਰਾਇਆਂ
ਸੰਤਰੇਣ ਸਾਧਾਂ ਦੇ ਲੱਖਣ, ਸਾਧ ਹੋਂਦਾ ਹਰਿ ਨੂੰ ਪਾਇਆਂ ।੧੭।

ਫਲ ਫੁਲ ਖਾਂਦਿਆਂ ਸਾਧ ਨ ਹੋਂਦਾ, ਨਹੀਂ ਹੋਂਦਾ ਭੋਜਨ ਕੀਤੇ
ਸੂਫੀ ਹੋਇਆਂ ਸਾਧ ਨ ਹੋਂਦਾ, ਨਹੀਂ ਹੋਂਦਾ ਅਮਲੀਂ ਪੀਤੇ
ਦੇਸ਼ ਜਿਤਾਂਇਆਂ ਸਾਧ ਨ ਹੋਂਦਾ, ਨਹੀਂ ਹੋਂਦਾ ਜਗ ਦੇ ਜੀਤੇ
ਸੰਤਰੇਣ ਸਾਧਾਂ ਦੇ ਲੱਖਣ, ਸਾਧ ਹੋਂਦਾ ਮਨ ਵਸ ਕੀਤੇ ।੧੮।

ਸਿਖ ਸਾਖਾ ਕੀਤਿਆਂ ਸਾਧ ਨ ਹੋਂਦਾ, ਪੜ੍ਹ ਕੈਂਠੀ ਗੱਲ ਪਾਵਨ
ਕੀਰਤਨ ਕੀਤਿਆਂ ਸਾਧ ਨ ਹੋਂਦਾ, ਬਹਿ ਲੋਕਾਂ ਅਗੇ ਗਾਵਨ
ਉਸਤਤ ਕੀਤਿਆ ਸਾਧ ਨ ਹੋਂਦਾ, ਲੋਕ ਕੰਨੀ ਆਇ ਸੁਣਾਵਨ
ਸੰਤਰੇਣ ਸਾਧਾਂ ਦੇ ਲੱਖਣ, ਜੋ ਮਨ ਨੂੰ ਹਰਿ ਵਲ ਲਾਵਨ ।੧੯।

ਪਖੰਡ ਕੀਦਿਆਂ ਸਾਧ ਨ ਹੋਂਦਾ, ਜੇ ਲੱਖ ਭੇਖ ਬਣਾਈਏ
ਸਚੀ ਪ੍ਰੀਤ ਤੇ ਸੰਗ ਸਚਿਆਰਾਂ, ਇਨ ਬਿਧ ਸਾਈਂ ਪਾਈਏ
ਪੰਥ ਭੇਖ ਸਭ ਤਪ ਤੀਰਥ ਸਫ਼ਲੇ, ਜੇ ਮਨ ਹੀ ਹਰਿ ਵਲ ਲਾਈਏ
ਸੰਤਰੇਣ ਇਹ ਲੱਖਨ ਆਵਨ, ਤਾਂ ਫਿਰ ਸਾਧ ਸਦਾਈਏ ।੨੦।

ਸਚਿਆਰਾਂ ਦੀ ਉਸਤਤ ਹੋਂਦੀ, ਤੇ ਨਖੇਧ ਪਖੰਡ ਦੀ ਕਰਦੇ
ਨਾਲ ਸਚਿਆਰਾਂ ਸਾਈਂ ਮਿਲਦਾ, ਦੂਰ ਹੋਇ ਸਭ ਪਰਦੇ
ਸਾਸਤ੍ਰ ਬੇਦ ਪੁਰਾਨ ਪੁਕਾਰਨ, ਜੇ ਬਿਨਾਂ ਸਾਈਂ ਨਹੀਂ ਤਰਦੇ
ਸੰਤਰੇਣ ਸਾਧਾਂ ਦੇ ਲੱਖਣ, ਕੋਈ ਹੋਰ ਖਿਆਲ ਨ ਧਰਦੇ ।੨੧।

ਪਖੰਡੀ ਪਖੰਡ ਨੂੰ ਲਗਦੇ, ਅਤੇ ਸਚ ਨੂੰ ਲਗੇ ਸਚਿਆਰੀ
ਸਚਿਆਰਾਂ ਸਾਇਾਂ ਨਾਲ ਮੁਹੱਬਤ, ਓਨਾਂ ਨਾਲ ਲੋਕਾਂ ਦੇ ਯਾਰੀ
ਪਖੰਡੀਆਂ ਮਰਨਾ ਯਾਦ ਨ ਆਵੈ, ਉਹ ਅਗਲੀ ਕਰਨ ਤਿਆਰੀ
ਸੰਤਰੇਣ ਸਾਇਾਂ ਮਿਲੇ ਸਚਿਆਰਾਂ, ਜਿਨ੍ਹਾਂ ਸਾਈਂ ਦੀ ਗੱਲ ਪਿਆਰੀ ।੨੨।

ਸਾਧ ਨਾਉਂ ਸੂਧੇ ਹੋਵਨ ਦਾ, ਜੋ ਛਲਵਲ ਸਭੇ ਛਡੇ
ਦਿਲ ਥੀਂ ਹੋਰ ਖਿਆਂਲ ਭੁਲਾਇ, ਮਨ ਇਕਤੇ ਵਲ ਗਡੇ
ਕਰੇ ਸੰਤੋਖ ਬਹਿ ਰਹੇ ਕਿਨਾਰੇ, ਨ ਹੱਥ ਕਿਸੇ ਅਗੇ ਅਡੇ
ਸੰਤਰੇਣ ਸਾਧ ਵਿਰਲੇ ਹੋਂਦੇ, ਭਾਗ ਜਿਨ੍ਹਾਂ ਦੇ ਵਡੇ ।੨੩।

ਜਿਨ੍ਹਾਂ ਪ੍ਰੀਤ ਸਚਾਵੀਂ ਅੰਦਰ, ਉਹ ਵਲਛਲ ਮੂਲ ਨ ਕਰਦੇ
ਖੋਟੇ ਅਮਲ ਨ ਕਰਦੇ ਹਰਗਿਜ਼, ਜਿਥੋਂ ਤਾਈਂ ਸਰਦੇ
ਸੰਗਤ ਕਰਦੇ ਸਾਹਿਬ ਦਿਆਂ ਲੋਕਾ, ਤਨ ਮਨ ਅਗੇ ਧਰਦੇ
ਸੰਤਰੇਣ ਜਿਨ੍ਹਾਂ ਪ੍ਰੀਤ ਸਚਾਵੀਂ, ਤੇ ਭਵ ਸਾਗਰ ਤਰਦੇ ।੨੪।

ਦੁਨੀਆਂ ਵਿਚ ਗੁਜ਼ਰਾਨ ਮੁਕਦਮ, ਹੋਰ ਸਭੇ ਝੂਠੇ ਦਾਵੇ
ਅਤੇ ਜੋ ਕੁਝ ਰੋਜ਼ ਅਜਲ ਦੇ ਲਿਖਿਆ, ਸੋ ਤਿਸ ਨੂੰ ਕੌਣ ਅਟਕਾਵੇ
ਸੇਰ ਆਟਾ ਤੇ ਤਨ ਨੂੰ ਕਪੜਾ, ਮੁਇਆ ਨੂੰ ਹਥ ਭੀ ਆਵੈ
ਸੰਤਰੇਣ ਉਹ ਰਾਜ਼ਕ ਸਭ ਦਾ, ਬਿਲਾ ਸ਼ਕ ਰੋਜ਼ੀ ਅਪੜਾਵੈ ।੨੫।

ਜਿਨ੍ਹਾਂ ਰਾਜ਼ਕ ਸਾਈਂ ਜਾਤਾ; ਸੋ ਨਾਲ ਤਵੱਕੇ ਬੈਂਹਦੇ
ਮੰਨਨ ਹੁਕਮ ਰਜਾਇ ਸਾਈਂ ਦੀ, ਅਤੇ ਸਭ ਕਿਛ ਸਿਰ ਤੇ ਸੈਂਹਦੇ
ਜੇਹੀ ਆਵੇ ਤੇਹੀ ਜਾਲਨ, ਸੁਆਲ ਨ ਕਿਸੇ ਕੈਂਹਦੇ
ਸੰਤਰੇਣ ਜਿਨ੍ਹਾਂ ਰਾਜ਼ਕ ਜਾਤਾ, ਸੋ ਸਭ ਤਰ੍ਹਾਂ ਰਾਜ਼ੀ ਰੈਂਹਦੇ ।੨੬।

ਸਭਸੇ ਵਿਚ ਸਾਈਂ ਨੂੰ ਜਾਣਨ, ਜੇੜ੍ਹਾ ਨਾਲ ਫਕਰ ਦੇ ਰੈਂਹਦਾ
ਦਿਲ ਵਿਚ ਖਾਹਿਸ਼ ਰਹੇ ਨ ਕਾਈ, ਤਾਂ ਦੂਈ ਦਾ ਨੁਕਤਾ ਢੈਂਹਦਾ
ਜਿਤ ਵਲ ਦੇਖੇ ਉਸ ਹੋਰ ਨ ਡਿਸਦਾ, ਉਹ ਹਰਫ ਅਨਲਹੱਕ ਕੈਂਹਦਾ
ਸੰਤਰੇਣ ਜਿਸ ਖ਼ੁਦੀ ਗਵਾਈ, ਸੋ ਆਪੇ ਖ਼ੁਦਾ ਹੋ ਬੈਂਹਦਾ ।੨੭।

ਖ਼ੁਦੀ ਛਡਣ ਤੇ ਖ਼ੁਦ ਨੂੰ ਪਾਵਨ, ਇਹ ਦੌਲਤ ਕਿਸੇ ਹਥ ਆਈ
ਲਖ ਖਰਚਿਆਂ ਕੋਈ ਹਥ ਨ ਆਵੇ, ਕੋਈ ਮੁਲ ਨ ਵਿਕੇ ਖ਼ੁਦਾਈ
ਜਿਸ ਨੂੰ ਸ਼ੌਕ ਦੇਇ ਸਾਈਂ ਅਪਣਾ, ਇਹ ਦੌਲਤ ਉਸ ਹਥ ਆਈ
ਸੰਤਰੇਣ ਜਿਸ ਕਾਮਲ ਮਿਲਿਆ, ਉਸ ਘਰ ਵਿਚ ਦੌਲਤ ਪਾਈ ।੨੮।

ਆਪੇ ਸਾਹਿਬ ਤੇ ਆਪੇ ਬੰਦਾ, ਉਹ ਆਪ ਤਮਾਸ਼ਾ ਦੇਖੇ
ਆਪ ਤਮਾਸ਼ਾ ਆਪ ਦੇਖਨ ਵਾਲਾ, ਉਹ ਆਪ ਬਣਿਆ ਸਭ ਭੇਖੇ
ਸਭ ਕਿਛੁ ਬਣਿਆ ਤੇ ਕੁਝ ਨ ਬਣਿਆ, ਉਹ ਪੂਰਾ ਸਭਸੈ ਲੇਖੇ
ਸੰਤਰੇਣ ਉਹ ਸਭ ਨੂੰ ਵੇਖੇ, ਪਰ ਉਸ ਨੂੰ ਕੋਈ ਨ ਵੇਖੇ ।੨੯।

ਜਿਨ੍ਹਾਂ ਪਕੜਿਆ ਰਾਹੁ ਕਿਨਾਰਾ, ਸਹੀ ਸਲਾਮਤ ਆਏ
ਪਕੜਨ ਗੋਸ਼ਾ ਤੇ ਜਕੜਨ ਦਿਲ ਨੂੰ, ਤਿਨਾਂ ਘਰ ਬੈਠਿਆਂ ਲੱਖ ਪਾਏ
ਬਿਨ ਸਾਈਂ ਜੋਹੜੇ ਹੋਰ ਨ ਵੇਖਨ, ਸੋ ਹੱਜ ਸਭੇ ਕਰ ਆਏ
ਮੰਤਰੇਣ ਸਾਈਂ ਮਿਲੇ ਤਿਨ੍ਹਾਂ ਨੂੰ, ਜਿਨ੍ਹਾਂ ਗ਼ੈਰ ਖਿਆਲ ਭੁਲਾਏ ।੩੦।

ਜਿਨਾ ਜਾਤਾ ਇਥੋਂ ਸਰਪਰ ਜਾਣਾ, ਅਸੀਂ ਅਗੋਂ ਦਾ ਕੁਝ ਕਰੀਏ
ਜੋ ਦਿਸਦਾ ਸੋ ਨਾਲ ਨ ਨਿਭਦਾ, ਤਿਸ ਪਿਛੇ ਕਿਉਂ ਕਰ ਮਰੀਏ
ਹਰਗਿਜ਼ ਢਿਲ ਨ ਕਰੀਏ ਕੰਮ ਵਿਚ, ਜਿਥੋਂ ਤਾਈਂ ਸਰੀਏ
ਮੰਤਰੇਣ ਸੰਗ ਕਰੀਏ ਤਿਨ੍ਹਾਂ ਦਾ, ਲੜ ਲਗ ਜਿਨ੍ਹਾਂ ਦੇ ਤਰੀਏ ।੩੧।

ਸਾਈਂ ਦੇ ਮਿਲਨ ਦੀ ਇਹ ਨਿਸ਼ਾਨੀ, ਜੋ ਦੂਜਾ ਕੋਈ ਨ ਦਿਸੇ
ਗੱਲਾਂ ਵਾਲੇ ਫਿਰਨ ਘਨੇਰੇ, ਬਹੁਤੇ ਕਰਦੇ ਕਿਸੇ
ਗੱਲ ਸੁਖਾਲੀ ਅਤੇ ਡਾਢੀ ਔਖੀ, ਹਥ ਲਗੀ ਕਿਸੇ ਕਿਸੇ
ਮੰਤਰੇਣ ਸੁਖ ਜਾਣਨ ਉਹੋ, ਇਹ ਆਵੇ ਜਿਨ੍ਹਾਂ ਦੇ ਹਿਸੇ ।੩੨।

ਕੰਮ ਜ਼ਰੂਰੀ ਪਏ ਬੇ ਮਕਦੂਰੀ, ਇਹ ਆਖਰ ਕੰਮ ਨਾ ਕੰਮ ਦੇ
ਹੁਕਮ ਹਕੂਮਤ ਚਾਰ ਦਿਹਾੜੇ, ਇਹ ਦਾਮ ਚਲਾਵਨ ਚੰਮ ਦੇ
ਦੁਨੀਆਂ ਨਾਲ ਮੁਹੱਬਤ ਕੀਤੀ, ਸਾਰੀ ਉਮਰ ਗਈ ਵਿਚ ਗ਼ਮ ਦੇ
ਮੰਤਰੇਣ ਕੁਝ ਵਜ ਨਾ ਚਲਸੀ, ਜਾਂ ਵਸ ਪਉਸੀ ਜਾ ਜਮ ਦੇ ।੩੩।

ਦੌਲਤ ਦੁਨੀਆਂ ਤੇ ਦੇਸ਼ ਵਲਾਇਤ, ਇਹ ਸਭੇ ਇਥੇ ਰੈਹਸਨ
ਅਗੇ ਔਖੇ ਅਮਲ ਪੁਛੀਸਨ, ਤਾਂ ਮੂੰਹੋ ਜਬਾਬ ਕੀ ਕੈਹਸਨ
ਨੇਕੀ ਵਾਲੇ ਜਾਨ ਬਹਿਸ਼ਤੀ, ਬਦੀ ਵਾਲੇ ਦੁਖ ਸਹਸਨ
ਮੰਤਰੇਣ ਜਿਨ੍ਹਾਂ ਨੇਕ ਕਮਾਈ, ਸੋ ਸਭ ਜਾ ਰਾਜ਼ੀ ਰੈਹਸਨ ।੩੪।

ਰਾਜਾ ਰੰਕ ਉਥੇ ਦੋਵੇਂ ਬਰਾਬਰ, ਸਰ ਪਰਸਭ ਤੇ ਜਾਣਾ
ਉਥੇ ਹਿਸਾਬ ਪੁਛੀਸੀ ਸਭ ਤੋਂ, ਕਿਆ ਰਾਜਾ ਕਿਆ ਰਾਣਾ
ਅਮਲਾਂ ਦਾ ਉਥੇ ਬਦਲਾ ਹੋਸੀ, ਜਿਨ੍ਹਾਂ ਕੀਤਾ ਮਨ ਦਾ ਭਾਣਾ
ਸੰਤਰੇਣ ਸਾਈਂ ਤਿਸ ਤੇ ਰਾਜ਼ੀ, ਜੇਹੜਾ ਹੋਂਦੇ ਤਾਣ ਨਿਤਾਣਾ ।੩੫।

ਓਹ ਬੇਪ੍ਰਵਾਹ ਸਭਸੈ ਤੋਂ ਡਾਢਾ, ਨਹੀਂ ਜ਼ੋਰ ਉਸ ਦੇ ਨਾਲ ਚਲਦਾ
ਛਡ ਛਡ ਹੁਕਮ ਹਕੂਮਤ ਜਾਂਦੇ, ਜਿਸ ਨੂੰ ਸੱਦਾ ਘਲਦਾ
ਰੁਤ ਨ ਥਿਤ ਨ ਵਾਰ ਪੁਛੀਂਦਾ, ਵੇ ਸਾਹ ਨਹੀਂ ਇਕ ਪਲ ਦਾ
ਸੰਤਰੇਣ ਕੰਮ ਕਰ ਲੈ ਅਪਣਾ, ਤੇ ਕੀ ਭਰਵਾਸਾ ਕੱਲ ਦਾ ।੩੬।

ਤੁਧ ਪੂੰਜੀ ਸਭ ਗਵਾਈ ਇਥੇ, ਉਥੇ ਸ਼ਾਹ ਅਗੇ ਕੀ ਭਰਸੇਂ
ਸ਼ਾਹ ਸਾਹਿਬ ਪੁਛੇਸੀ ਤੈਨੂੰ, ਤਾਂ ਜਬਾਬ ਅਗੇ ਕਿਆ ਕਰਸੇਂ
ਇਹ ਵੇਲਾ ਤੈਨੂੰ ਹਥ ਨ ਆਸੀ, ਫ਼ਿਰ ਲਾਜ਼ਮ ਹੋ ਮਰਸੇਂ
ਸੰਤਰੇਣ ਹੁਣ ਮਿਲ ਸਚਿਆਰਾਂ, ਲੜ ਜਗ ਜਿਨ੍ਹਾਂ ਦੇ ਤਰਸੇਂ ।੩੭।

ਜਿਨ੍ਹਾਂ ਸੰਗ ਹੋਇਆ ਸਚਿਆਰਾਂ, ਸੇ ਜਿਣ ਬਾਜ਼ੀ ਘਰ ਚਲੇ
ਸਚੀ ਸ਼ੋਕ ਸਾਈਂ ਦੇ ਵਾਲੇ, ਸਚ ਖ਼ਰਚ ਤਿਨ੍ਹਾਂ ਦੇ ਪਲੇ
ਅੱਗੇ ਜਾ ਕੇ ਲੈਹਨ ਸਜ਼ਾਈਂ, ਜਿਨ੍ਹਾਂ ਕੀਤੇ ਕੰਮ ਅਵੱਲੇ
ਸੰਤਰੇਣ ਕਿੜ ਪਈ ਤਿਨ੍ਹਾਂ ਨੂੰ, ਭਾਗ ਜਿਨ੍ਹਾਂ ਦੇ ਭਲੇ ।੩੮।

ਜੋ ਪੂਰੇ ਸਤਿਗੁਰ ਪੂਰ ਕੀਤੇ, ਸਭ ਪੂਰੇ ਕੰਮ ਤਿਨ੍ਹਾਂ ਦੇ
ਚਾਹਨ ਰਾਜ ਕਾਰੇਂ ਸਾਰੇ ਜਗ ਦਾ, ਭਾਵੇਂ ਬਨਿ ਉਠ ਜਾਂਦੇ
ਜੋ ਜੋ ਕਹਿਨ ਸੋਈ ਸੋਈ ਬਣਦਾ, ਜੋ ਹਰਿ ਵਲ ਗੁਰਆਂਦੇ
ਸੰਤਰੇਣ ਹੋਰ ਹਾਰ ਚਲੇ ਸਭ, ਹਥ ਲਗੀ ਫ਼ਤੇ ਤਿਨ੍ਹਾਂ ਦੇ ।੩੯।

ਜਿਨ੍ਹਾਂ ਅਪਨੀ ਖੁਦੀ ਗਵਾਈ, ਸੋ ਹੋਵੈ ਉਨ੍ਹਾਂ ਦਾ ਬਰਦਾ
ਜੋ ਹੋਵੇ ਬਰਦਾ ਉਨ੍ਹਾਂ ਦੇ ਦਰ ਦਾ,ਉਹ ਪੈਰ ਨ ਡਿੰਗੇ ਧਰਦਾ
ਫਿਰੇ ਅਲਮਸਤ ਖੁਸ਼ਹਾਲ ਹਮੇਸ਼ਾਂ, ਕੋਈ ਗੈਰ ਦਲੀਲ ਨ ਕਰਦਾ
ਸੰਤਰੇਣ ਜੋ ਹੋਵੇ ਸਤਾਂ ਦਾ, ਤਾਂ ਹਰਿ ਉਸ ਦਾ ਉਹ ਹਰਿ ਦਾ ।੪੦।

ਮਾਇਆ ਇਹ ਉਨ੍ਹਾਂ ਨੂੰ ਠੱਗੀ, ਜੇਹੜੇ ਵਿਚ ਉਜਾੜੀਂ ਰਹਿੰਦੇ
ਕਠਨ ਤਪਸਿਆ ਕਰਨ ਹਮੇਸ਼ਾ, ਉਹ ਧੁਪ ਛਾਉਂ ਸਿਰ ਤੇ ਸਹਿੰਦੇ
ਡੂੰਘੇ ਵੈਹਣ ਨੈ ਘਤੇ ਉਨ੍ਹਾਂ ਨੂੰ, ਉਹ ਜਾਨ ਕਿਤੇ ਵਲ ਵਹਿੰਦੇ
ਸੰਤਰੇਣ ਇਸ ਜ਼ੈਲ ਕੀਤੇ ਸਭ, ਇਕ ਸਾਧ ਨਿਆਰੇ ਰਹਿੰਦੇ ।੪੧।

ਮਾਇਆ ਵਸਦੀ ਉਸ ਜਗ੍ਹਾਂ ਵਿਚ, ਜਿਥੇ ਹੈ ਮੈਂ ਮੇਰੀ
ਤ੍ਰਿਸਨਾ ਲਾਇ ਭਵਾਇ ਜਗ ਨੂੰ, ਬੰਨਣ ਨ ਦੇਂਦੇ ਫੇਰੀ
ਕਈ ਉਤ੍ਰ ਕਈ ਪੂਰਬ ਦਖਣ, ਕਈ ਪਛਮ ਪਾਵਨ ਫੇਰੀ
ਸੰਤਰੇਣ ਇਸ ਜਗ ਭਰਮਾਇਆ, ਇਕ ਸਾਧ ਜਨਾਂ ਦੀ ਚੇਰੀ ।੪੨।

ਮਾਇਆ ਦਾ ਬਲ ਸਭ ਦੇ ਉਤੇ, ਇਕ ਸਾਧਾਂ ਨੂੰ ਕੁਝ ਨ ਕਹਿੰਦੀ
ਕਢ ਕਲੇਜਾ ਖਾਂਦੀ ਸਭ ਦਾ, ਇਹ ਘਰ ਵਿਚ ਡਾਇਣ ਰਹਿੰਦੀ
ਪੀਰ ਮੀਰ ਸਭੇ ਵਸ ਕੀਤੇ, ਦੇ ਧਰਨਾ ਬੂਹੇ ਬਹਿੰਦੀ
ਸੰਤਰੇਣ ਇਹ ਸਭ ਤੋਂ ਡਾਢੀ, ਇਕ ਸਾਧ ਜਨਾ ਤੋਂ ਤ੍ਰਹਿੰਦੀ ।੪੩।

ਉਦੇ ਅਸਤ ਲੌ ਰਾਜ ਤਿਨਾਂ ਦਾ, ਤੇ ਭੀ ਕਰ ਕਰ ਕੂਚ ਸਿਧਾਣੇ
ਤ੍ਰੈ ਲੋਕੀ ਤੇ ਹੁਕਮ ਚਲਾਇਆ, ਸੋ ਭੀ ਖ਼ਾਕ ਸਮਾਣੇ
ਕਾਲ ਬਲੀ ਸਭਸੇ ਦੇ ਉਤੇ, ਕੀ ਰਾਜੇ ਕੀ ਰਾਣੇ
ਸੰਤਰੇਣ ਸਾਰਾ ਜਗ ਮੂਰਖ, ਇਕ ਸਾਹਿਬ ਲੋਕ ਸਿਆਣੇ ।੪੪।

ਉਨ੍ਹਾਂ ਦੁਨੀਆਂ ਨੂੰ ਫ਼ਾਨੀ ਜਾਤਾ, ਤੇ ਜਗ ਵਿਚ ਰਹਿਣ ਨਮਾਣੇ
ਹਿਰਸ ਹਵਾ ਦੁਨੀਆਂ ਦੀ ਛੱਡੀ, ਅਤੇ ਛੱਡਣ ਚਿਕਣੇ ਖਾਣੇ
ਮੰਨਣ ਰਜ਼ਾਇ ਸਾਈਂ ਦੀ ਸਿਰ ਤੇ, ਅਤੇ ਵਰਤਨ ਉਸ ਦੇ ਭਾਣੇ
ਸੰਤਰੇਣ ਸਾਰਾ ਜਗ ਮੂਰਖ, ਇਕ ਸਾਹਿਬ ਲੋਕ ਸਿਆਣੇ ।੪੫।

ਜਗ ਵਿਚ ਆਇਆ ਸਫ਼ਲ ਤਿਨ੍ਹਾਂ ਦਾ, ਜਿਹੜੇ ਰਬ ਦੇ ਰਾਹ ਵਿਕਾਣੇ
ਇਕ ਛਪ ਛਪ ਐਬ ਕਰਨ ਬੁਰਿਆਈਆਂ, ਉਹ ਜ਼ਾਹਰ ਸਭ ਕਿਛ ਜਾਣੇ
ਅਗੇ ਜਾਇ ਮੂਹਿ ਮੁਹ ਖਾਸਨ, ਉਹ ਰੋਸਨ ਵਖਤ ਵਿਹਾਣੇ
ਸੰਤਰੇਣ ਸਾਰਾ ਜਗ ਮੂਰਖ, ਇਕ ਸਾਹਿਬ ਲੋਕ ਸਿਆਣੇ ।੪੬।

ਹੁਕਮ ਹਕੂਮਤ ਤੇ ਦੇਸ ਵਲਾਇਤ, ਸਭੇ ਛੱਡ ਛੱਡ ਸਿਧਾਣੇ
ਅਗੇ ਸਾਹਿਬ ਪੁਛਸੀ ਉਨ੍ਹਾਂ ਥੋਂ, ਜਿਹੜੇ ਇਥੇ ਅਮਲ ਕਮਾਣੇ
ਜਿਨ੍ਹਾਂ ਕੰਮ ਅਵੱਲੇ ਕੀਤੇ, ਸੇ ਆਖਰ ਪਛੋਤਾਣੇ
ਸੰਤਰੇਣ ਸਾਰਾ ਜਗ ਮੂਰਖ, ਇਕ ਸਾਹਿਬ ਲੋਕ ਸਿਆਣੇ ।੪੭।

ਸਾਈਂ ਦੀ ਜਿਨ੍ਹਾਂ ਦਿਲੋਂ ਮੁਹੱਬਤ, ਸੇ ਪਹੁਤੇ ਕਿਤੇ ਟਿਕਾਣੇ
ਜਿਥੇ ਪਹੁਤੇ ਸਾਈਂ ਵਾਲੇ, ਉਥੇ ਹੋਈ ਘਟ ਨਾ ਕਿਸੇ ਜਾਣੇ
ਦੋਵੇਂ ਜਹਾਨ ਉਨ੍ਹਾਂ ਦੇ ਬਰਦੇ, ਜੇਹੜੇ ਹੋਂਦ ਤਾਣ ਨਿਤਾਣੇ
ਸੰਤਰੇਣ ਸਾਰਾ ਜਗ ਮੂਰਖ, ਇਕ ਸਾਹਿਬ ਲੋਕ ਸਿਆਣੇ ।੪੮।

ਤੇ ਵੀ ਕੂਚ ਗਏ ਕਪ ਇਥੋਂ, ਜਿਨ੍ਹਾਂ ਕੀਤੇ ਰਾਮ ਕਹਾਣੇ
ਸਾਰੇ ਭੋਗ ਭੋਗਨ ਇਕ ਦਿਨ ਵਿਚ, ਖਾਂਦੇ ਰੰਗੀ ਖਾਣੇ
ਅਗੇ ਵਸ ਨ ਚਲੇ ਉਨ੍ਹਾਂ ਦਾ, ਜਾਂ ਜਮ ਦੇ ਹਥ ਵਿਕਾਣੇ
ਸੰਤਰੇਣ ਸਾਰਾ ਜਗ ਮੂਰਖ, ਇਕ ਸਾਹਿਬ ਲੋਕ ਸਿਆਣੇ ।੪੯।

ਕਰਨ ਕਿਨਾਇਤ ਤੇ ਪਕੜਨ ਗੋਸ਼ਾ, ਓਹੇ ਰਬ ਨੂੰ ਭਾਣੇ
ਦੁਨੀਆਂ ਦੀ ਉਨ੍ਹਾਂ ਖਾਹਿਸ਼ ਛੱਡੀ, ਤੇ ਕਰਦੇ ਕੰਮ ਰਬਾਣੇ
ਜਿਨ੍ਹਾਂ ਜਾਤਾ ਇਥੇ ਰਹਿਣ ਨ ਹੋਂਦਾ, ਲੰਮੇ ਤਾਣ ਨਾ ਤਾਣੇ
ਸੰਤਰੇਣ ਸਾਰਾ ਜਗ ਮੂਰਖ, ਇਕ ਸਾਹਿਬ ਲੋਕ ਸਿਆਣੇ।੫੦।

ਦੁਨੀਆਂ ਨਾਲ ਮੁਹੱਬਤ ਕਰਕੇ, ਜੋ ਕਰਦੇ ਮਨ ਦੇ ਭਾਣੇ
ਲਖ ਸੌ ਵਰ੍ਹਿਆਂ ਉਮਰ ਉਨ੍ਹਾਂ ਦੀ, ਤੇ ਭੀ ਕਾਲ ਟਿਕਾਣੇ
ਖੋਟੇ ਅਮਲ ਕੀਤੇ ਜਿਨ੍ਹਾਂ ਇਥੇ, ਉਹ ਸਾਹਿਬ ਮੂਲ ਨ ਭਾਣੇ
ਸੰਤਰੇਣ ਸਾਰਾ ਜਗ ਮੂਰਖ, ਇਕ ਸਾਹਿਬ ਲੋਕ ਸਿਆਣੇ।੫੧।

ਜਿਨ੍ਹਾਂ ਉਤੇ ਮਿਹਰ ਸਾਂਈਂ, ਉਹ ਪੈਹਰਨ ਸੱਚ ਦੇ ਬਾਣੇ
ਛਪ ਲੁਕ ਕੇ ਗੁਜ਼ਰਾਨ ਕਰਨ ਉਹ, ਕੋਈ ਵਿਰਲਾ ਉਨ੍ਹਾਂ ਜਾਣੇ
ਉਨ੍ਹਾਂ ਦਿਲ ਵਿਚ ਖੁਸ਼ੀ ਹਮੇਸ਼ਾਂ, ਅਗੇ ਜਗ ਵਿਚ ਰੈਹਣ ਨਿਤਾਣੇ
ਸੰਤਰੇਣ ਸਾਰਾ ਜਗ ਮੂਰਖ, ਇਕ ਸਾਹਿਬ ਲੋਕ ਸਿਆਣੇ।੫੨।

ਲੋਕਾਂ ਉਪਰ ਜ਼ੁਲਮ ਜੋ ਕਰਦੇ, ਕਰ ਕਰਿ ਜੋ ਧਿਙਾਣੇ
ਜਾਂ ਜਮ ਆਇ ਪਛਾੜੇ ਉਨ੍ਹਾਂ, ਤਾਂ ਫਿਰ ਪਛੋਤਾਣੇ
ਅਗੇ ਜਾਇ ਦੋਜ਼ਕ ਵਿਚ ਪਾਂਉਂਦੇ, ਤਤੇ ਥੰਮ ਉਨ੍ਹਾਂ ਗਲ ਲਾਣੇ
ਸੰਤਰੇਣ ਸਾਰਾ ਜਗ ਮੂਰਖ, ਇਕ ਸਾਹਿਬ ਲੋਕ ਸਿਆਣੇ।੫੩।

ਪੜ੍ਹਿ ਪੜ੍ਹਿ ਵਿਦਿਆ ਲੋਕ ਰਿਝਾਵਣ, ਕਿਈ ਪੰਡਤ ਕਿਈ ਮੁਲਾਣੇ
ਕਰਨ ਤਪੱਸਿਆ ਕਰਨ ਵਿਖਾਲਾ, ਜਾਂ ਬਹਿੰਦੇ ਮੜ੍ਹੀ ਮਸਾਣੇ
ਸਾਈਂ ਨਾਲ ਨ ਕੰਮ ਉਨ੍ਹਾਂ ਦਾ, ਉਹ ਮਾਇਆ ਹੱਥ ਵਿਕਾਣੇ
ਸੰਤਰੇਣ ਸਾਰਾ ਜਗ ਮੂਰਖ, ਇਕ ਸਾਹਿਬ ਲੋਕ ਸਿਆਣੇ।੫੪।

ਇਕ ਖਟ ਦਰਸ਼ਨ ਦਾ ਭੇਖ ਬਣਾਵਨ, ਕਰਿ ਕਰਿ ਭਗਵੇ ਬਾਣੇ
ਇਕ ਪੂਰਬ ਇਕ ਪਸ਼ਚਮ ਜਾਂਦੇ, ਇਕ ਦਖਣ ਉਤਰ ਧਾਣੇ
ਇਕ ਮਾਇਆ ਲੈ ਜਗਤ ਭਰਮਾਇਆ, ਕੋਈ ਵਿਰਲਾ ਇਸ ਨੂੰ ਜਾਣੇ
ਸੰਤਰੇਣ ਸਾਰਾ ਜਗ ਮੂਰਖ, ਇਕ ਸਾਹਿਬ ਲੋਕ ਸਿਆਣੇ ।੫੫।

ਅਜ ਦਾ ਕੰਮ ਨਾ ਘੱਤੀਂ ਕੱਲ ਤੇ, ਕੀ ਜਾਣਾ ਕੱਲ ਕੇਹਾ
ਸੰਤਾਂ ਨਾਲ ਗੁਜ਼ਰਾਨ ਕਰੀਵੇ, ਖਾਇ ਕੇ ਫਿਹਾ ਤ੍ਰੇਹਾ
ਹੁਣ ਦਿਆਂ ਭੁਲਿਆਂ ਠੌਰ ਨ ਕਾਈ, ਨਾ ਕੋਈ ਸੁਖ ਸਨੇਹਾ
ਸੰਤਰੇਣ ਹੁਣ ਢਿਲ ਨ ਕਰੀਏ, ਲੱਖਾਂ ਦੀ ਗੱਲ ਏਹਾ ।੫੬।

ਅਥ
ਸੀਹਰਫ਼ੀਆਂ ਸੰਤਰੇਣ ਜੀ ਕੀਆਂ ਲਿਖਯਤੇ

(ਪਹਿਲੀ ਸੀਹਰਫੀ)

ਅਲਫ਼ ਅਸ਼ਕ ਲੱਗਾ ਸੋਹਣੇ ਯਾਰ ਦਾ ਜੀ, ਸਾਥੋਂ ਸੁਖ ਜਹਾਨ ਦੇ ਛੁਟ ਗਏ
ਭੈਣ ਭਾਈ ਤੇ ਖੇਸ਼ ਕਬੀਲਾ ਸਭੋ, ਇਸ਼ਕ ਲਗਦਿਆਂ ਹੀ ਉਹ ਤਰੁਟ ਗਏ
ਮਤੀਂ ਦੇਣ ਤੇ ਬਹੁਤ ਸਿਖਾਇ ਰਹੇ, ਮੈਨੂੰ ਦੇ ਨਸੀਹਤਾਂ ਹੁਟ ਗਏ
ਸੰਤਰੇਣ ਜਿਨ੍ਹਾਂ ਸ਼ੌਕ ਯਾਰ ਦਾ ਸੀ, ਉਹ ਸਭ ਜੰਜਾਲਾਂ ਨੂੰ ਸੁਟ ਗਏ।੧।

ਬੇ ਬਖਸ਼ ਹੋਇਆ ਜਦੋਂ ਯਾਰ ਦਾ ਜੀ, ਫ਼ਿਰ ਦੁਨੀਆਂ ਦਾ ਕੋਈ ਗ਼ਮ ਨਾਹੀਂ
ਦਿਨੇ ਰਾਤੀਂ ਸਮਾਲ ਮੈਨੂੰ ਯਾਰ ਦੀ ਜੀ, ਬਿਨਾਂ ਯਾਰ ਕਿਸੇ ਕੰਮ ਦਮ ਨਾਹੀਂ
ਕਿੱਸਾ ਯਾਰ ਦਾ ਹੀ ਜਿਸਦਾ ਵਿਰਦ ਹੋਯਾ, ਉਸ ਵਿਚ ਜਹਾਨ ਕੋਈ ਕੰਮ ਨਾਹੀ
ਸੰਤਰੇਣ ਬਿਨਾ ਡਿਠੇ ਯਾਰ ਬਾਝਹੁ, ਕਿੱਸਾ ਇਸ਼ਕਦਾ ਕਿਵੇਂ ਹੋਰ ਤਮ ਨਾਹੀਂ।੨।

ਤੇ ਤਮ੍ਹਾ ਨਾਹੀਂ ਸਾਨੂੰ ਹੋਰ ਕੋਈ, ਇਕ ਯਾਰ ਦਾ ਮਿਲਣ ਜ਼ਰੂਰ ਹੋਇਆ
ਸਾਥੋਂ ਸਭ ਮਲਾਮਤਾਂ ਭੱਜ ਗਈਆਂ, ਇਸ਼ਕ ਯਾਰ ਦਾ ਜਦੋਂ ਮਾਮੂਰ ਹੋਇਆ
ਜਿਸਮ ਲੋਹਾ ਤੇ ਇਸ਼ਕ ਪਾਰਸ ਲਗਦਾ, ਜੁਸਾ ਖਾਕ ਦਾ ਉਲਟਕੇ ਨੂਰ ਹੋਇਆ
ਸੰਤਰੇਣ ਕਾਮਲ ਦਾ ਕਰਮ ਜਿਸਤੇ, ਉਸਦਾ ਅਉਣਾ ਜਗ ਮਨਜ਼ੂਰ ਹੋਇਆ।੩।

ਸੇ ਸਾਬਤ ਹੋਇ ਰਾਹ ਇਸ਼ਕ ਦੇ ਤੇ, ਉਹਨੂੰ ਸਾਈਂ ਤਾਂ ਆਪ ਮਿਲਾਉਂਦਾ ਈ
ਜਿਹੜਾ ਕਦਮ ਚਲੇ ਇਕ ਯਾਰ ਦੇ ਵਲ, ਸੌ ਕਦਮ ਅਗੋਂ ਲੈਣ ਆਉਂਦਾ ਈ

ਲੈਲਾ ਮਜਨੂੰ ਤੇ ਸੱਸੀ ਪੁੰਨੂੰ ਹੋਏ, ਹੀਰ ਰਾਂਝੇ, ਨੂੰ ਸਾਰਾ ਜਗ ਗਾਉਂਦਾ ਈ
ਸੰਤਰੇਣ ਜਿਨ੍ਹਾਂ ਉਤੇ ਕਰਮ ਹੋਇਆ, ਬਿਨਾ ਯਾਰ ਨ ਉਨ੍ਹਾਂ ਕੁਝ ਭਾਉਂਦਾ ਈ
।੪।

ਜੀਮ ਜਾਨ ਨੂੰ ਜਿਨ੍ਹਾਂ ਅਰਾਮ ਨਾਹੀਂ, ਜਿਚਰ ਯਾਰ ਨ ਮੁਖ ਦਿਖਾਂਵਦਾ ਈ
ਜੇਹੜਾ ਯਾਰ ਵਲੋਂ ਮੂੰਹ ਫੇਰਦਾ ਈ, ਉਹ ਤਾਂ ਅਖਰ ਪਛੋਤਾਉਂਦਾ ਈ
ਇਸ ਹਾਲ ਥੋਂ ਹੋਇਆ ਬਿਹਾਲ ਮੇਰਾ, ਕੋਈ ਸੁਖ ਸਨੇਹਾ ਨ ਆਉਂਦਾ ਈ
ਸੰਤਰੇਣ ਹੁਣ ਦਿਹ ਦੀਦਾਰ ਮੈਨੂੰ, ਤੈਨੂੰ ਵਾਸਤਾ ਆਪਣੇ ਨਾਉਂ ਦਾ ਈ ।੫।

ਹੇ ਹਾਲ ਅਸਾਡੇ ਨੂੰ ਤੂੰਹੈ ਜਾਣੈ, ਤੇਰਾ ਦਰਦ ਨ ਸਾਥੋਂ ਭੁਲਦਾ ਈ
ਇਸ ਦਰਦ ਦੀ ਸਾਰ ਉਹ ਜਾਣਦੇ ਨੀ, ਇਸ਼ਕ ਆਇ ਜਿਨ੍ਹਾਂ ਉਤੇ ਝੁਲਦਾ ਈ
ਨਹੀਂ ਲੱਖੀਂ ਹਜ਼ਾਰੀਂ ਇਸ਼ਕ ਮੁਲ ਆਵੇ, ਨਾਹੀ ਪਾਇ ਤਰ ਜ਼ੂ ਤੁਲਦਾ ਈ
ਸੰਤਰੇਣ ਹੁਣ ਸਿਰ ਨੂੰ ਸੌਂਪ ਦਈਏ, ਇਹ ਸੌਦਾ ਮਹਿੰਗੇ ਮੁਲ ਦਾ ਈ ।੬।

ਖੇ ਖੁਸ਼ੀ ਨ ਵਿਚ ਜਹਾਨ ਦੇ ਹੈ, ਜਿਹੜੀ ਖੁਸ਼ੀ ਇਨ੍ਹਾਂ ਆਸ਼ਕਾਂ ਹਥ ਆਈ
ਉਹ ਨਾਲ ਯਾਰਦੇ ਸਦਾ ਬਹਾਰ ਦੇ ਨੀ, ਜਿਨ੍ਹਾਂ ਯਾਰ ਦੀਦਾਰ ਦੀ ਰਮਜ਼ ਪਾਈ
ਵੇਖਣ ਯਾਰ ਦੇ ਦੀ ਉਨ੍ਹਾਂ ਭੁਖ ਰਹਿੰਦੀ, ਨਹੀਂ ਭੁਖ ਜਹਾਨ ਦੀ ਰਹੀ ਕਾਈ
ਸੰਤਰੇਣ ਤਿਨ੍ਹਾਂ ਦੇ ਵਾਰਨੇ ਹਾਂ, ਜਿਨ੍ਹਾਂ ਨਾਲ ਜਾਨੀ ਸੁੱਚੀ ਪ੍ਰੀਤਿ ਲਾਈ ।੭।

ਦਾਲ ਦਾਨਾ ਸੋਈ ਜੈਨੂੰ ਇਸਕ ਹੋਇਆ, ਬਿਨ ਸ਼ੌਕ ਦੇ ਹੋਰ ਸਭ ਖਾਕ ਹੈ ਜੀ
ਇਸ ਇਸ਼ਕ ਦੀ ਪੀੜ ਨੂੰ ਉਹੋ ਜਾਣੈ, ਜਿਸ ਨਾਲ ਦਰਦ ਸੀਨਾ ਚਾਕ ਹੈ ਜੀ
ਬਿਨਾਂ ਸ਼ੌਕ ਦੇ ਸਭ ਪਲੀਤ ਜਾਣੋ, ਜਿਹਨੂੰ ਇਸ਼ਕ ਉਹਾ ਬੰਦਾ ਪਾਕ ਹੈ ਜੀ
ਸੰਤਰੇਣ ਮਿਲੇ ਜਿਹੜਾ ਯਾਰ ਨੂੰ ਜੀ, ਉਹ ਤਾਂ ਸਭ ਮੇਂ ਬੇਬਾਕ ਹੈ ਜੀ ।੮।

ਜ਼ਾਲ ਜ਼ਾਤ ਸਿਫ਼ਾਤ ਨਾ ਪੁਛੀਏ ਜੀ, ਉਥੇ ਇਸ਼ਕ ਦਾ ਗਰਮ ਬਜ਼ਾਰ ਹੈ ਜੀ
ਦਰਦ ਯਾਰ ਦੇ ਦੀ ਮੈਨੂੰ ਗ਼ਰਜ਼ ਹੈ ਜੀ, ਇਥੇ ਕੰਮ ਨਾ ਹੋਰ ਦਰਕਾਰ ਹੈ ਜੀ

ਕਾਰ ਯਾਰ ਦੇ ਮਿਲਣ ਦੀ ਕਾਰ ਹੈ ਜੀ, ਹੋਰ ਕਾਰ ਸਭਾ ਬੇਕਾਰ ਹੈ ਜੀ
ਸੰਤਰੇਣ ਖੁਸ਼ੀ ਓਥੇ ਹਥ ਆਈ,ਜਿਹੜਾ ਯਾਰ ਦੇ ਨਾਲ ਸਰਸ਼ਾਰ ਹੈ ਜੀ।੯।

ਰੇ ਰੱਬ ਦਾ ਰਾਹੁ ਈ ਖਰਾ ਡਾਢਾ, ਕੋਈ ਵਿਰਲਾ ਇਸ ਵਲ-ਆਂਵਦਾ ਈ
ਜਿਸਨੂੰ ਆਪ ਸੱਚਾ ਸਾਈਂ ਕਰਮ ਕਰਦਾ,ਰਾਹ ਇਸ਼ਕ ਦੇ ਕਦਮ ਉਹ ਪਾਂਵਦਾ ਈ
ਜਿਸਨੂੰ ਇਸ਼ਕ ਲਗਦਾ ਉਸਦੀ ਉਹੋ ਜਾਣੇ,ਨਹਾਂ ਲੋਕਾਂ ਨੂੰ ਕੂਕ ਸਣਾਂਵਦਾ ਈ
ਸੰਤਰੇਣ ਜੈਨੂੰ ਮਿਲੇ ਯਾਰ ਪਿਆਰਾ,ਨਾਲ ਖੁਸ਼ੀਆਂ ਦੇ ਉਹ ਮੁਸਕੜਾਂਵਦਾ ਈ।੧੦।

ਜ਼ੇ ਜ਼ਿਕਰ ਫਿਕਰ ਉਥੇ ਹੋਰ ਨਾਹੀ,ਇਕ ਖੁਦੀ ਦਾ ਨੁਕਤਾ ਸੁਟੀਏ ਜੀ
ਜੇਹੜੀਆਂ ਖ਼ੁਸ਼ੀਆਂ ਇਸ ਜਹਾਨ ਦੀਆਂ,ਇਨ੍ਹਾਂ ਖੁਸ਼ੀਆਂ ਦੇ ਕੋਲਹੁੰ ਤੁਟੀਏ ਜੀ
ਅਕਲ ਜਾਹਰ ਦਾ ਇਸ਼ਕ ਵਿਚ ਪੜਦਾ ਈ,ਇਸ ਇਸ਼ਕਦਾ ਬੂਟਾ ਪੁਟੀਏ ਜੀ
ਸੰਤਰੇਣ ਖੁਦੀ ਨੂੰ ਦੂਰ ਕਰਕੇ, ਹੁਸਨ ਯਾਰ ਦਾ ਜਾਇ ਕਰ ਲੁਟੀਏ ਜੀ।੧੧।

ਸੀਨ ਸਬਰ ਨ ਆਂਵਦਾ ਆਸ਼ਕਾਂ ਨੂੰ,ਮੂੰਹ ਡਿਠੇ ਬਿਨਾ ਸੋਹਣੇ ਯਾਰ ਦੇ ਜੀ
ਸੋਹਣੇ ਯਾਰ ਬਿਨਾ ਉਨ੍ਹਾਂ ਚੈਨ ਨਾਹੀ, ਮੂੰਹੇ ਯਾਰ ਈ ਯਾਰ ਪੁਕਾਰਦੇ ਜੀ
ਨਹੀਂ ਖਾਹਸ਼ ਉਨ੍ਹਾਂ ਹੋਰ ਰਹੀ ਕਾਈ,ਇਕ ਭੁਖੇ ਨੀ ਯਾਰ ਦੀਦਾਰ ਦੇ ਨੀ
ਸੰਤਰੇਣ ਜਾਨੀ ਜ਼ਰਾ ਝਾਤ ਪਾਇ,ਤਾਂ ਜਾਨੀ ਤੋਂ ਜਾਨ ਸੌ ਵਾਰਦੇ ਨੀ।੧੨।

ਸੀਨ ਸ਼ੌਕ ਲਗਾ ਸੋਹਣੇ ਯਾਰ ਦਾ ਜੀ, ਮਿਲੇ ਯਾਰ ਤਾਂ ਦੁਖ ਦੂਰ ਹੋਂਦਾ
ਜਿਸ ਸੁਖ ਜਹਾਨ ਦੇ ਛਡ ਦਿਤੇ, ਰਾਹ ਯਾਰ ਦੇ ਉਹ ਮਨਜ਼ੂਰ ਹੋਂਦਾ
ਸੁਣੇ ਯਾਰ ਦੀ ਗੱਲ ਅੰਦਰ ਦਰਦ ਉਠੇ,ਉਸਨੂੰ ਰੋਵਣਾ ਹੀ ਦਸਤੂਰ ਹੋਂਦਾ
ਸੰਤਰੇਣ ਮਿਲੇ ਜਦ ਯਾਰ ਮੈਨੂੰ,ਮੇਰੀਆਂ ਅੱਖੀਆਂ ਵਿਚ ਪੁਰ ਨੂਰ ਹੋਂਦਾ।੧੩।

ਸੁਆਦ ਸੂਰਤ ਸੋਹਣੇ ਯਾਰ ਦੀ ਜੀ, ਸਾਡੇ ਦਿਲ ਤੋਂ ਜ਼ਰਾ ਨ ਭੁਲਦੀ ਜੀ
ਦੁਖ ਯਾਰ ਦੇ ਮਾਰ ਬਿਹਾਲ ਕੀਤੀ, ਡਾਢੀ ਵਾਉ ਵਿਛੋੜੇ ਦੀ ਖੁਲ੍ਹਦੀ ਜੀ
ਜ਼ਰਾ ਯਾਰ ਕਦੀ ਮੇਰੇ ਵਲ ਵੇਖੇ, ਬੂਹੇ ਯਾਰ ਦੇ ਤੇ ਮੈਂ ਸਾਂ ਰੁਲਦੀ ਜੀ
ਸੰਤਰੇਣ ਮੈਨੂੰ ਮਿਲੇ ਯਾਰ ਪਿਆਰਾ, ਤਾਂ ਮੈਂ ਵਾਰਸ ਹੋਵਾਂ ਕੁਲ ਦੀ ਜੀ ।੧੪।

ਜ਼ੁਆਦ ਜ਼ੁਲਮ ਕੀਤਾ ਸੋਹਣੇ ਯਾਰ ਨੇ ਜੀ, ਨਹੀਂ ਆਇਕੇ ਮੁਖ ਦਿਖਾਂਵਦਾ ਜੀ
ਸਾਡੇ ਦੁਖ ਦੀ ਉਸ ਪ੍ਰਵਾਹ ਨਾਹੀਂ, ਉਹ ਕਰਦਾ ਜੋ ਉਸ ਮਨ ਭਾਂਵਦਾ ਈ
ਪੰਡਤ ਪਾਂਧੇ ਤੇ ਜੋਤਿਕੀ ਪੁਛ ਥਕੀ, ਕੋਈ ਦੱਸ ਘੱਤੇ ਜਾਨੀ ਆਂਵਦਾ ਈ
ਸੰਤਰੇਣ ਮਿਲੇ ਮੈਨੂੰ ਯਾਰ ਪਿਆਰਾ, ਜੇਹੜਾ ਮਿਲ ਕੇ ਵਿਛੜ ਨ ਜਾਂਵਦਾ ਈ
।੧੫।

ਤੋਇ ਤਬਾ ਮਹਿਬੂਬ ਦੀ ਖਰੀ ਡਾਢੀ, ਕੋਈ ਕਿਸੇ ਦੀ ਉਸ ਪ੍ਰਵਾਹ ਨਾਂਹੀ
ਡਾਢੇ ਨਾਲ ਨਾਹੀ ਕਛੂ ਜ਼ੋਰ ਚਲਦਾ, ਉਸਦੇ ਉਤੇ ਤਾਂ ਕਾਈ ਤਨਖ਼ਾਹ ਨਾਂਹੀ
ਉਸਦੇ ਕਰਮ ਦੀ ਸਭਾ ਉਮੈਦ ਮੈਨੂੰ; ਮੇਰੀ ਹੋਰ ਦੇ ਨਾਲ ਸਲਾਹ ਨਾਂਹੀ
ਸੰਤਰੇਣ ਸਭਾ ਢਿਲ ਮੇਰੇ ਵਲੋਂ, ਕੋਈ ਸਾਡਾ ਤਾਂ ਉਹ ਬਦਖ਼ਾਹ ਨਾਂਹੀ ।੧੬।

ਜ਼ੋਇ ਜ਼ਹੂਰ ਸਭੋ ਸੋਹਣੇ ਯਾਰ ਦਾ ਜੀ, ਜਿਸਨੂੰ ਕਰਮ ਕਰੇ ਸੋਈ ਜਾਣਦਾ ਈ
ਜਿਸ ਯਾਰ ਦੀ ਨੂਰ ਨਿਗਾਹ ਪਾਈ, ਉਹ ਯਾਰ ਨੂੰ ਖ਼ੂਬ ਪਛਾਣਦਾ ਈ
ਜਿਸਨੂੰ ਯਾਰ ਮਿਲਿਆ ਤਿਸਨੂੰ ਗ਼ਮੀ ਨਾਂਹੀ, ਦਿਲ ਵਿਚ ਖ਼ੁਸ਼ੀਆਂ ਉਹ
ਮਾਣਦਾ ਈ
ਸੰਤਰੇਣ ਸਭਾ ਸਾਡੀ ਸ਼ਰਮ ਉਹਨੂੰ, ਉਹ ਮਾਲਕ ਦਿਲਾਂ ਦੀਆਂ ਜਾਣਦਾ ਈ
।੧੭।

ਐਨ ਇਸ਼ਕ ਕਮਾਵਣਾ ਹੈ ਅਉਖਾ, ਹਰ ਇਕ ਦਾ ਉਥੇ ਕੰਮ ਨਾਂਹੀ
ਸਿਰ ਦਾ ਸਰਫ਼ਾ ਛਡ ਕੇ ਖੇਡਣਾ ਜੀ, ਝੂਠਾ ਮਾਰਣਾ ਤਾਂ ਇਥੇ ਦਮ ਨਾਹੀਂ
ਸੁਣਿਆ ਮਜਨੂੰ ਦਾ ਇਸ਼ਕ ਕੀ ਹਾਲ ਕੀਤਾ, ਰੱਤੀ ਰੱਤ ਜਿਸਮ ਉਤੇ ਚੰਮ ਨਾਹੀ
ਸੰਤਰੇਣ ਗ਼ਮ ਯਾਰ ਦਾ ਯਾਰ ਹੋਵੇ, ਸਾਨੂੰ ਹੋਰ ਜਹਾਨ ਦਾ ਗ਼ਮ ਨਾਂਹੀ ।੧੮।

ਗੈਨ ਗ਼ਮ ਨਾਹੀਂ ਹੋਰ ਆਸ਼ਕਾਂ ਨੂੰ, ਗ਼ਮ ਰਹਿੰਦਾ ਉਨ੍ਹਾਂ ਯਾਰ ਦਾ ਜੀ
ਖੁਸ਼ੀਆਂ ਲੱਖ ਜਹਾਨ ਦੀਆਂ ਕੰਮ ਨਾਹੀਂ, ਦਰਦ ਯਾਰ ਦਾ ਕੰਮ ਦਰਕਾਰ ਦਾ
ਜੀ
ਜਿਸ ਤੇ ਕਰਮ ਕਰੇਂ ਸਾਈਂ ਸ਼ੌਕ ਦੇਵੈ, ਇਕੋ ਉਹੋ ਬੰਦਾ ਕੰਮ ਕਾਰ ਦਾ ਜੀ
ਸੰਤਰੇਣ ਇਹ ਪਿੰਜਰ ਆਸ਼ਕਾਂ ਦਾ, ਮੋਇਆਂ ਹੋਇਆਂ ਭੀ ਯਾਰ ਪੁਕਾਰਦਾ ਜੀ
।੧੯।

ਫੇ ਫਤੇ ਲਗੀ ਹੱਥ ਆਸ਼ਕਾਂ ਦੇ, ਜਿਨ੍ਹਾਂ ਯਾਰ ਤੋਂ ਮੁਖ ਨ ਮੋੜਿਆ ਈ
ਕਿਵੇਂ ਯਾਰ ਵਲੋਂ ਸਾਡੇ ਰਹਿ ਆਵੇ, ਹੋਰ ਸਾਕ ਜਹਾਨ ਦਾ ਤੋੜਿਆ ਈ
ਬਿਇਖਤਿਆਰ ਹੋਂਦਾ ਦਿਲ ਆਸ਼ਕਾਂ ਦਾ, ਨਹੀਂ ਰਹਿੰਦਾ ਕਿਸੇ ਦਾ ਹੋੜਿਆਈ
ਸੰਤਰੇਣ ਜਿਨ੍ਹਾਂ ਉਤੇ ਕਰਮ ਹੋਂਦਾ, ਯਾਰ ਨਾਲ ਉਨ੍ਹਾਂ ਦਿਲ ਜੋੜਿਆ ਈ ।੨੦।

ਕਾਫ ਕੰਮ ਨਾਹੀ ਹੋਰ ਕੰਮ ਦਾ ਜੀ, ਇਕ ਯਾਰ ਦਾ ਮਿਲਨ ਜ਼ਰੂਰ ਹੈ ਜੀ
ਆਸ਼ਕ ਹੋਇ ਕੇ ਕਦਮ ਨ ਪਿਛੇ ਰਖੇ, ਉਹ ਰਾਹ ਯਾਰ ਦੇ ਮਨਜ਼ੂਰ ਹੈ ਜੀ
ਝਿੜਕਾਂ ਝੰਬਾਂ ਖਾਂਦੇ ਆਸ਼ਕ ਜੱਗ ਦੀਆਂ ਜੀ, ਇਹ ਆਸ਼ਕਾਂ ਦਾ ਦਸਤੂਰ ਹੈ ਜੀ
ਸੰਤਰੇਣ ਮਿਲਿਆਂ ਸੋਹਣੇ ਯਾਰ ਦੇ ਜੀ, ਆਲਮ ਦਿਸੇ ਪੁਰਨੂਰ ਹੈ ਜੀ ।੨੧।

ਕਾਫ਼ ਕਰਮ ਕਰੇ ਜਿਸਨੂੰ ਆਪ ਸਾਈਂ, ਯਾਰ ਵਲ ਤਾਂ ਉਹ ਕੋਈ ਆਂਵਦਾ ਈ
ਬਿਨਾ ਕਰਮ ਦੇ ਮਿਲਣਾ ਖਰਾ ਅਉਖਾ, ਤੋੜੇ ਲਖ ਗ਼ਮਾਂ ਦੇ ਖਾਂਵਦਾ ਈ,
ਜੈਨੂੰ ਲਟਕ ਲਗੇ ਸੋਹਣੇ ਯਾਰ ਦੀ ਜੀ, ਉਸਨੂੰ ਸਾਈਂ ਤਾਂ ਆਪ ਮਿਲਾਂਵਦਾ ਈ
ਸੰਤਰੇਣ ਜੈਨੂੰ ਹੁਬ ਯਾਰ ਦੀ ਜੀ, ਬਿਨਾਂ ਯਾਰ ਨ ਉਸ ਕੁਛ ਭਾਂਵਦਾ ਈ ।੨੨।

ਗਾਫ ਗੱਲਾਂ ਸੁਣੀਆਂ ਸੋਹਣੇ ਯਾਰ ਦੀਆਂ, ਲੂੰ ਲੂੰ ਮੇਰੇ ਵਿਚ ਧਾਇ ਗਈਆਂ
ਕੁਝ ਖਬਰ ਨ ਰਹੀ ਜਹਾਨ ਦੀ ਜੀ, ਮੇਰੇ ਕੱਢ ਕਲੇਜੇ ਨੂੰ ਖਾਇ ਗਈਆਂ

ਸਾਈਆਂ ਆਇ ਕੇ ਪੁਛਨ ਹਾਲ ਮੇਰਾ,ਹਥੋਂ ਚਿਣਗ ਚੋਲੇ ਮੇਰੇ ਪਾਇ ਗਈਆਂ
ਸੰਤਰੇਣ ਗੱਲਾਂ ਸੋਹਣੇ ਯਾਰ ਦੀਆਂ,ਮੇਰੀਆਂ ਪੀੜਾਂ ਤਾਂ ਸਭ ਗਵਾਇ ਗਈਆਂ
।੨੩।

ਲਾਮ ਲਾਇਕ ਨਹੀਂ ਸਾਂ ਮੈਂ ਯਾਰ ਦੇ ਜੀ,ਨਹੀਂ ਯਾਰ ਮੇਰੇ ਨਾਲ ਬੋਲਦਾ ਜੀ
ਮੈਂ ਤਾਂ ਚੁਪ ਚੁਪਾਤੀ ਹੋਇ ਬੈਠੀ, ਇਸ਼ਕ ਅੰਦਰ ਮੇਰੇ ਵਿਸ ਘੋਲਦਾ ਜੀ
ਜਿਸਨੂੰ ਗੱਲ ਪੁਛਾਂ ਸੋਹਣੇ ਯਾਰ ਦੀ ਜੀ, ਅਗੋਂ ਆਪਣੇ ਕਿਸੇ ਉਹ ਫੋਲਦਾ ਜੀ
ਸੰਤਰੇਣ ਜਿਚਰ ਨਹੀਂ ਯਾਰ ਮਿਲਦਾ, ਮੇਰਾ ਜੀਉ ਤਿਚਰ ਪਿਆ ਡੋਲਦਾ ਜੀ
।੨੪।

ਮੀਮ ਮਉਤ ਮੰਗੀ ਜੇ ਕਰ ਹੱਥ ਆਵੇ, ਮੈਂ ਤਾਂ ਜ਼ਰਾ ਭੀ ਢਿਲ ਨਹੀਂ ਪਾਂਵਦੀ
ਆਂ

ਇਹ ਦੁਖ ਵਿਛੋੜੇ ਦਾ ਖਰਾ ਡਾਢਾ, ਉਚੀ ਉਚੀ ਮੈਂ ਕੂਕ ਸੁਣਾਵਦੀ ਆਂ
ਦਰਦ ਯਾਰ ਦੇ ਮਾਰ ਬਿਹਾਲ ਕੀਤੀ, ਬੈਠੀ ਯਾਰ ਦੇ ਕਿਸੇ ਮੈਂ ਗਾਂਵਦੀ ਆਂ
ਸੰਤਰੇਣ ਮਿਲੇ ਮੈਨੂੰ ਯਾਰ ਪਿਆਰਾ,ਮੈਂ ਤਾਂ ਯਾਰ ਦੇ ਸਦਕੇ ਜਾਂਵਦੀ ਆਂ ੨੫।

ਨੂਨ ਨੂਰ ਨਹੀਂ ਹੋਰ ਜਗ ਸਾਰੇ, ਜਿਹੜਾ ਨੂਰ ਸੋਹਣੇ ਮੇਰੇ ਯਾਰ ਦਾ ਜੀ
ਜਿਸ ਵਲ ਪਿਆਰਾ ਮੇਰਾ ਨਜ਼ਰ ਕਰਦਾ, ਨਾਲ ਨੂਰ ਨਿਗਾਹ ਦੇ ਤਾਰਦਾ ਜੀ
ਦਰਦ ਯਾਰ ਦੇ ਮਾਰ ਬਿਹਾਲ ਕੀਤੀ, ਇਹ ਦੁਖ ਵਿਛੋੜੇ ਦਾ ਮਾਰਦਾ ਜੀ
ਸੰਤਰੇਣ ਮਿਲੇ ਹੁਣ ਯਾਰ ਮੈਨੂੰ, ਹੁਣ ਕੰਮ ਨ ਕੌਲ ਕਰਾਰ ਦਾ ਜੀ ।੨੬।

ਵਾਉ ਵਸਲ ਹੋਇਆ ਸੋਹਣੇ ਯਾਰ ਦਾ ਜੀ, ਮੇਰੇ ਦੁਖ ਵਿਛੋੜੇ ਦੇ ਦੂਰ ਹੋਏ
ਜਿਹੜੇ ਯਾਰ ਵਲੋਂ ਵਿਥ ਘਤਦੇ ਸਨ, ਉਹ ਵੈਰੀ ਸਭੇ ਚਕ ਚੂਰ ਹੋਏ
ਮੈਨੂੰ ਯਾਰ ਦਾ ਅਜ ਮਿਲਾਪ ਹੋਇਆ, ਮੇਰੇ ਅੰਗ ਸਭੇ ਪੁਰ ਨੂਰ ਹੋਏ
ਸੰਤਰੇਣ ਸਾਈਂ ਸਾਨੂੰ ਕਰਮ ਕੀਤਾ,ਅਸਾਂ ਯਾਰ ਦੇ ਜਾਇ ਮਨਜ਼ੂਰ ਹੋਏ ।੨੭।

ਹੋ ਹੀਲੇ ਸਭੇ ਸਾਥੋਂ ਛੁਟ ਗਏ, ਜਦ ਯਾਰ ਅਸਾਂ ਵਲ ਲਾਇਆ ਈ
ਦੁਖ ਸਭੇ ਸਾਥੋਂ ਅਜ ਤਜ ਗਏ, ਹੁਣ ਸੁਖਾਂ ਦਾ ਫੇਰਾ ਪਾਇਆ ਈ
ਸੁਖ ਸਭੇ ਜਹਾਨ ਦੇ ਭੁਲ ਗਏ, ਜਦ ਯਾਰ ਸੋਹਣੇ ਗਲ ਲਾਇਆ ਈ
ਸੰਤਰੇਣ ਕੀਤਾ ਸਾਨੂੰ ਕਰਮ ਸਾਈਂ ਸਾਨੂੰ ਮੁਰਸ਼ਦਾਂ ਯਾਰ ਮਿਲਾਇਆ ਈ
।੨੮।

ਅਲਫ਼ ਇਸ਼ਕ ਉਹੋ ਜੇਹੜਾ ਤੋੜ ਪਹੁੰਚੇ, ਨਹੀਂ ਇਸ਼ਕ ਸਭੇ ਹੋਰ ਖਾਮ ਹੋਇਆ
ਆਸ਼ਕ ਹੋਇਕੇ ਕਦਮ ਨੂੰ ਪਿਛੇ ਰਖੇ, ਉਹ ਤਾਂ ਇਥੇ ਉਥੇ ਬਦਨਾਮ ਹੋਇਆ
ਜੇਹੜਾ ਮਹਵ ਹੋਇਆ ਨਾਲ ਯਾਰਦੇ ਜੀ, ਉਸਦੇ ਦਿਲਨੂੰ ਕੁਲ ਅਰਾਮ ਹੋਇਆ
ਸੰਤਰੇਣ ਮਿਲਿਆ ਜਿਹੜਾ ਯਾਰ ਨੂੰ ਜੀ, ਉਹ ਲੋਕਾਂ ਕੋਲੋਂ ਗੁਮਨਾਮ ਹੋਇਆ
।੨੯।

ਯੇ ਯਾਰ ਸਾਡਾ ਸਾਡੇ ਨਾਲ ਹੀ ਸੀ, ਅਸੀਂ ਢੂੰਡਦੇ ਭਾਲਦੇ ਹੁਟ ਪਏ
ਹੁਣ ਯਾਰ ਮੇਰੇ ਗਲ ਲਗਾ ਸੁੱਤਾ, ਮੂੰਹ ਜੁਟੇ ਤੇ ਕੂੜ ਨਿਖੁਟ ਗਏ
ਜਿਹੜੇ ਯਾਰ ਵਲੋਂ ਮੂੰਹ ਫੇਰ ਬੈਠੇ, ਜੜ੍ਹਾਂ ਆਪਣੀਆਂ ਆਪ ਹੀ ਪੁਟ ਗਏ
ਸੰਤਰੇਣ ਕਾਮਲ ਸਾਨੂੰ ਕਰਮ ਕੀਤਾ, ਅਸੀਂ ਸਭ ਜੰਜਾਲ ਤੋਂ ਛੁਟ ਗਏ।੩੦।



ਦੂਜੀ ਸੀਹਰਫ਼ੀ

ਅਲਫ ਆਪੇ ਖਾਂਵਦ ਤੇ ਆਪੇ ਬਰਦਾ, ਸਭ ਆਪੇ ਹੀ ਬਣ ਆਇਆ
ਇਸ ਵਿਚ ਸ਼ੱਕ ਨ ਕੋਈ ਹਰਗਿਜ਼, ਖ਼ੁਦੀ ਭੁਲਾਵਾ ਪਾਇਆ
ਹੱਕ ਨਾਲ ਉਸ ਹੱਕ ਪਛਾਤਾ, ਜਿਸ ਨਾਲ ਮੁਰਸ਼ਦ ਦਿਲ ਲਾਇਆ
ਸੰਤਰੇਣ ਸਹੁ ਰਗ ਥੀਂ ਨੇੜੇ, ਸਭਨਾਂ ਆਖ ਸੁਨਾਇਆ ।੧।

ਬੇ ਬਹਾ ਉਨ੍ਹਾਂ ਦੌਲਤ ਪਾਈ, ਜਿਨ੍ਹਾਂ ਦਿਲ ਵਿਚ ਦਿਲਬਰ ਪਾਇਆ
ਤੇ ਬਾਹਰ ਢੂੰਢਨ ਓਹੋ ਜਾਂਦਾ, ਜਿਸ ਨੂੰ ਨਫਸ ਭੁਲਾਂਇਆ
ਜਿਸ ਪਾਇਆ ਤਿਸ ਘਰ ਵਿਚ ਪਾਇਆ (ਪਰ)ਕੋਈ ਵਿਰਲਾ ਘਰ ਆਇਆ
ਸੰਤਰੇਣ ਉਸ ਘਰ ਵਿਚ ਲੱਧਾ, ਜੈਨੂੰ ਮੁਰਸ਼ਦ ਆਪ ਦਿਖਾਇਆ ।੨।

ਤੇ ਤੂੰ ਤਰਫ ਦੂਈ ਨਹੀਂ ਜਾਵੇਂ, ਇਸ ਦੂਈ ਬਹੁਤੇ ਘਰ ਗਾਲੇ
ਤੇ ਹਿਰਸ ਹਵਾ ਤੋਂ ਰਹੀਂ ਕਿਨਾਰੇ,ਕੰਮ ਕਰੀਂ ਫ਼ਕੀਰਾਂ ਵਾਲੇ
ਜਿਹੜਾ ਰਾਹ ਚਲਦਾ ਸਚਿਆਰਾਂ, ਉਹ ਖੁਸ਼ੀ ਰਹੇ ਹਰ ਹਾਲੇ
ਸੰਤਰੇਣ ਦਿਲ ਤਖਤ ਸਾਈਂ ਦਾ, ਪਰ ਜੈਨੂੰ ਮੁਰਸ਼ਦ ਪਕੜਿ ਬਹਾਲੇ ।੩।

ਸੇ ਸਭਸੈ ਵਿਚ ਸਾਈਂ ਵੇਖਨ, ਉਹ ਹਰਗਿਜ਼ ਕਿਵੇਂ ਨ ਭੁਲਦੇ
ਤੇ ਹਰ ਇਕ ਦੇ ਵਿਚ ਹਰਿ ਨੂੰ ਵੇਖਨ, ਤਿਨਾਂ ਛਤ੍ਰ ਫਕਰ ਸਿਰ ਝੁਲਦੇ
ਹਰਗਿਜ਼ ਖਤਾ ਕਿਵੇਂ ਨਹੀਂ ਖਾਂਦੇ, ਜੇਹੜੇ ਰਾਹ ਲੰਘਨ ਚੜ੍ਹ ਪੁਲ ਦੇ
ਸੰਤਰੇਣ ਜੋ ਮਿਲੇ ਫਕੀਰਾਂ, ਸੋ ਵਾਰਸ ਹੋਇ ਕੁਲ ਦੇ ।੪।

ਜੀਮ ਜਮਾਲ ਪਿਆਰੇ ਦਾ ਮੈਨੂੰ, ਹਰ ਵਲ ਓਹੋ ਦਿਸਦਾ
ਤੇ ਜੇਹੜਾ ਮਜਲਸ ਕਰੇ ਫਕੀਰਾਂ, ਸਾਈਂ ਭੀ ਹੋਂਦਾ ਤਿਸ ਦਾ
ਖੁਦੀ ਸੱਟਨ ਤੇ ਖੁਦ ਨੂੰ ਪਾਵਨ, ਇਹ ਕੰਮ ਨਹੀਂ ਹਰ ਕਿਸ ਦਾ
ਸੰਤਰੇਣ ਤਿਸ ਅਉਖ ਨ ਕੋਈ, ਹਥ ਪਕੜੇ ਕਾਮਲ ਜਿਸ ਦਾ।੫।

ਹੇ ਹਾਜਤ ਤੈਨੂੰ ਰਹੇ ਨ ਕਾਈ, ਜੇ ਸੁਣੇਂ ਤੂੰ ਸੁਖ਼ਨ ਫਕੀਰਾਂ
ਦਿਲ ਥੀਂ ਹੁਬ ਦੁਨੀਆਂ ਦੀ ਛੱਡੇਂ, ਤਾ ਚੁਕ ਪਉਨੀ ਤਤਬੀਰਾਂ
ਮੁਰਸ਼ਦ ਨਾਲ ਤੂੰ ਕਰਹਿ ਮੁਹਬਤ, ਤੇਰੀਆਂ ਮਾਫੁ ਹੋਨੀ ਤਕਸੀਰਾਂ
ਸੰਤਰੇਣ ਜਿਥੇ ਕੰਮ ਫਕਰ ਦਾ, ਤਿਥੈ ਕੰਮ ਨਾ ਸ਼ਾਹ ਵਜ਼ੀਰਾਂ।੬।

ਖ਼ੇ ਖ਼ਿਜਮਤ ਕਰੇਂ ਸਾਹਿਬ ਦਿਆਂ ਲੋਕਾਂ, ਤੇ ਮੂੰਹ ਥੀਂ ਕੁਝ ਨ ਮੰਗੇ
ਲਾਜ਼ਵਾਲ ਉਹ ਦੌਲਤ ਬਖਸ਼ਨ, ਤੋੜੇ ਦਿਸਨ ਭੁਖੇ ਨੰਗੇ
ਦੁਨੀਆਂ ਵਿਚ ਮਹਰੂਮ ਉਹ ਰਹਿੰਦੇ, ਜਿਹੜਾ ਰਹਨ ਉਨ੍ਹਾਂ ਥੀਂ ਸੰਗੇ
ਸੰਤਰੇਣ ਜੋ ਹੋਇ ਉਨ੍ਹਾਂ ਦੇ, ਉਹ ਸਾਹਿਬ ਦੇ ਰੰਗ ਰੰਗੇ।੭।

ਦਾਲ ਦੌਲਤ ਇਹ ਸਭ ਝੂਠੀ, ਤੇ ਝੂਠੀ ਸਭ ਵਡਿਆਈ
ਇਹ ਦੁਨੀਆਂ ਕਿਸੇ ਨਾਲ ਨ ਪਹੁਤੀ, ਜਿਸ ਪਿਛੇ ਉਮਰ ਗਵਾਈ
ਜੇ ਆਪ ਤਜੇਂ ਤਾਂ ਰਬ ਨੂੰ ਪਾਵੇਂ, ਨਹੀਂ ਆਖਰ ਹੋਗੁ ਜੁਦਾਈ
ਸੰਤਰੇਣ ਇਹ ਛੁਪਦੀ ਤਾਂ ਹੀ, ਜਾਂ ਕਰਦਾ ਕਰਮ ਇਲਾਹੀ।੮।

ਜ਼ਾਲ ਜ਼ਵਾਲ ਨ ਉਨ੍ਹਾਂ ਹਰਗਿਜ਼, ਦਿਲ ਦੀ ਜਿਨ੍ਹਾਂ ਸਫਾਈ
ਜ਼ਿਕਰ ਫ਼ਿਕਰ ਉਹ ਕੁਝ ਨਹੀਂ ਕਰਦੇ, ਇਕ ਦੁਨੀਆਂ ਨਾਲ ਜੁਦਾਈ
ਹਿਰਸ ਹਵਾ ਥੋਂ ਰਹਿਨ ਕਿਨਾਰੇ, ਜਿਨ੍ਹਾਂ ਸਿਦਕ ਸਬੂਰੀ ਪਾਈ
ਸੰਤਰੇਣ ਉਹ ਕੁਲ ਦੇ ਵਾਲੀ, ਤੋੜੇ ਟੁਕੜੇ ਖਾਣ ਗਦਾਈ।੯।

ਰੇ ਰੱਬ ਨਾਲ ਤਿਨ੍ਹਾਂ ਕੰਮ ਹਮੇਸ਼ਾਂ, ਜਿਹੜੇ ਰੱਬ ਨੂੰ ਰੱਬ ਪਛਾਣਨ
ਇਕ ਪਲ ਜੁਦਾ ਨ ਹੋਵਨ ਹਰਗਿਜ਼, ਕੋਈ ਗ਼ੈਰ ਨ ਦਿਲ ਵਿਚ ਆਣਨ
ਜ਼ਾਹਰ ਦੁਨੀਆਂ ਤੋਂ ਓਹ ਫਾਰਗ਼, ਤੇ ਦਿਲ ਵਿਚ ਖੁਸ਼ੀਆਂ ਮਾਣਨ
ਸੰਤਰੇਣ ਜਿਨ੍ਹਾਂ ਰੱਬ ਪਛਾਤਾ, ਉਹ ਘੱਟ ਨ ਕਿਸੇ ਜਾਣਨ ।੧੦।

ਜ਼ੇ ਜ਼ਾਤ ਫਕਰ ਦੀ ਆਪ ਇਲਾਹੀ, ਜਿਨ੍ਹਾਂ ਅਪਣਾ ਆਪ ਪਛਾਤਾ
ਜਿਨ੍ਹਾਂ ਆਪਣਾ ਆਪ ਪਛਾਤਾ, ਰੱਬ ਤਿਨ੍ਹਾਂ ਹੀ ਜਾਤਾ
ਸੱਚਾ ਸਾਕ ਸਾਂਈ ਦਿਆਂ ਲੋਕਾਂ, ਹੋਰ ਸਭੋ ਝੂਠਾ ਨਾਤਾ
ਸੰਤਰੇਣ ਤਿਨ੍ਹਾਂ ਫਿਕਰ ਨ ਕੋਈ, ਜਿਨ੍ਹਾਂ ਰੱਬ ਦਾ ਰਾਹ ਪਛਾਤਾ ।੧੧।

ਸੀਨ ਸਵਾਲਾਂ ਤੋਂ ਜੋ ਰੁਜ਼ਰੇ, ਸੋ ਵਾਰਸ ਹੋਵੇ ਘਰ ਦਾ
ਕਰੇ ਕਨਾਇਤ ਤੇ ਪਕੜੇ ਰੋਜ਼ਾ, ਸਾਂਈ ਭੀ ਉਸਦਾ ਬਰਦਾ
ਜੋ ਕੁਝ ਰੋਜ਼ ਅਜ਼ਲ ਦੇ ਲਿਖਿਆ, ਸੋ ਸਭ ਦੇ ਅਗੇ ਧਰਦਾ
ਸੰਤਰੇਣ ਉਹ ਫਾਰਕ ਹੋਂਦਾ, ਜੋ ਕੰਮ ਫ਼ਕਰ ਦੇ ਕਰਦਾ ।੧੨।

ਸ਼ੀਨ ਸ਼ੱਕ ਨ ਦਿਲ ਵਿਚ ਲਿਆਵੇ, ਤਾਂ ਤੂੰ ਹੱਕ ਪਛਾਣੇਂ
ਜਿਹੜਾ ਰਾਹ ਫੱਕਰ ਦੇ ਚਲਦਾ, ਬਿਨ ਸਾਂਈ ਹੋਰ ਨ ਜਾਣੇ
ਲੋਕਾਂ ਭਾਣੇ ਉਹ ਹੋਇਆ ਦਿਵਾਨਾ, ਲੋਕ ਕਮਲੇ ਉਸ ਦੇ ਭਾਣੇ
ਸੰਤਰੇਣ ਕੋਈ ਜਾਣ ਨ ਸਕੇ, ਪਰ ਫ਼ੱਕਰ ਨੂੰ ਫ਼ਕਰ ਪਛਾਣੇ ।੧੩।

ਸੁਆਦ ਸੁਆਦਾਂ ਨੂੰ ਤੂੰ ਛੱਡੇ, ਤਾਂ ਸਾਂਈ ਦੀ ਲੱਜ਼ਤ ਆਵੇ
ਅਤੇ ਜਿਸ ਨੂੰ ਸੁਆਦ ਸਾਂਈ ਦਾ ਆਇਆ, ਉਸ ਲੱਜ਼ਤ ਹੋਰ ਨ ਭਾਵੇ
ਖਿਨਾਂ ਸਵਾਦ ਸਾਂਈ ਦੇ ਬਾਝੋਂ, ਹੋਰ ਝੂਠੇ ਕਰਦੇ ਦਾਵੇ
ਸੰਤਰੇਣ ਜਿਸ ਲੱਜ਼ਤ ਆਵੇ, ਉਹ ਮੂੰਹੋਂ ਕੀ ਆਖ ਸੁਣਾਵੇ ।੧੪।

ਜ਼ਿਆਦ ਜ਼ਮਾਨਾ ਬੁਰਾ ਨ ਕੋਈ, ਜਿਹੜਾ ਰਾਹ ਚਲੇ ਸਚਿਆਰਾਂ
ਅਤੇ ਹਰ ਦਮ ਜਿਹੜਾ ਹਰਿ ਵਲ ਲਾਇ, ਉਹ ਕਰਦਾ ਬਹਾਰਾਂ
ਜਿਹੜਾ ਬਹੇ ਬਗੀਚੇ ਦਿਲ ਦੇ, ਵੇਖੇ ਉਹ ਗੁਲਜ਼ਾਰਾਂ
ਸੰਤਰੇਣ ਉਸ ਸਭ ਕਿਛੁ ਪਾਇਆ, ਜਿਸ ਸੁਹਬਤ ਪਾਈ ਯਾਰਾਂ ।੧੫।

ਤੋਇ ਤੁਹਨੂੰ ਜਾਣਹਿ ਸੋ ਤੇਰੇ ਜੇਹਾ, ਇਸ ਵਿਚ ਸ਼ੱਕ ਨਾ ਕੋਈ
ਅਤੇ ਸਿਦਕ ਵਾਲੇ ਸਾਂਈ ਨੂੰ ਪਹੁੰਚਨ, ਬਿਸਦਕੇ ਲਹਿਨ ਨਾ ਢੋਈ
ਜਿਹੜਾ ਕਦਮ ਸਾਂਈ ਵਲ ਧਰਦਾ, ਉਸ ਦੀ ਸਭਾ ਹੋਈ
ਸੰਤਰੇਣ ਇਹ ਖੁਸ਼ੀ ਅਵੇਹੀ, ਜਿਸ ਆਵੈ ਜਾਣੈ ਸੋਈ ।੧੬।

ਜ਼ੋਇ ਜ਼ਾਹਰ ਬਾਤਨ ਇਕਾ ਜਿਹਾ, ਜਿਨ੍ਹਾਂ ਖੁਦੀ ਗਵਾਈ
ਗ਼ੈਰ ਦਲੀਲਾਂ ਓਹੋ ਲਿਆਵਨ. ਜਿਨ੍ਹਾਂ ਪਈ ਜੁਦਾਈ
ਬਿਨ ਸਾਂਈ ਉਹ ਹੋਰ ਨ ਵੇਖਨ, ਦਿਲ ਦੀ ਜਿਨ੍ਹਾਂ ਸਫਾਈ
ਸੰਤਰੇਣ ਬਿਨ ਸਾਂਈ ਲੋਕਾਂ, ਹੋਰ ਖੁਸ਼ੀ ਕਿਨੈ ਨਹੀ ਆਈ ।੧੭।

ਐਨ ਇਨਾਇਤ ਤੇਰੇ ਉਤੇ, ਇਹ ਜਿਸਮ ਦਿਤਾ ਰੱਬ ਸਾਂਈ
ਇਹ ਵੇਲਾ ਫਿਰ ਹੱਥ ਨ ਆਵੀ, ਬਾਦ ਨ ਉਮਰ ਗਵਾਈਂ
ਮਿਲ ਮੁਰਸ਼ਿਦ ਕੰਮ ਕਰ ਲੈ ਅਪਨਾ, ਫਿਰ ਵੇਲਾ ਹੱਥ ਨ ਆਈ
ਸੰਤਰੇਣ ਦਰ ਮੁਹਕਮ ਪਕੜੀਂ, ਤੇ ਤਰਫ ਦੂਨੀਂ ਨਹੀਂ ਜਾਈਂ ।੧੮।

ਗ਼ੈਨ ਗ਼ਨੀ ਇਥੇ ਹੋਰ ਨ ਕੋਈ, ਇਕ ਕਾਮਲ ਮੁਰਸ਼ਦ ਦਿਸਦਾ
ਜਿਸ ਤੇ ਨਜ਼ਰ ਕਰਨ ਉਸ ਤਾਰਨ, ਉਇ ਸੁਇਨਾ ਕਰਦੇ ਮਿਸ ਦਾ
ਇਹ ਦੁਨੀਆਂ ਝੂਠਾ ਸ਼ੋਰ ਦਿਸੀਂਦਾ, ਕਉਣ ਕੋਈ ਕੋਈ ਕਿਸ ਦਾ
ਸੰਤਰੇਣ ਬਿਨ ਸਾਂਈ ਲੋਕਾਂ, ਹੋਰ ਨਾਹੀਂ ਕੋਈ ਦਿਸਦਾ ।੧੯।

ਫੇ ਫਾਕੇ ਨਾਲ ਫੱਕਰ ਹੱਥ ਆਵੀ, ਜੇ ਫਾਕਾ ਕਰ ਕੋਈ ਜਾਣੈ
ਫਾਕਾ ਨੀਹੀ ਜੋ ਅੰਨ ਨ ਖਾਵਨ, ਦਿਲ ਗ਼ੈਰ ਦਲੀਲ ਨ ਆਣੈ
ਫਾਕਾ ਫੱਕਰ ਓਹੇ ਹੀ ਜਾਣਨ, ਜੋ ਰੱਬ ਦੇ ਰਾਹ ਵਿਕਾਣੈ
ਸੰਤਰੇਣ ਇਸ ਕਦਰ ਫਾਕੇ ਦੀ, ਜੋ ਜਾਣੇ ਸੋਈ ਜਾਣੈ ।੨੦।

ਕਾਫ ਕਾਰ ਬੰਦਿਆਂ ਨੂੰ ਇਹਾ ਉਤਰੀ, ਜੋ ਹਰ ਦਮ ਮੈਂ ਵਲ ਲਾਵਨ
ਤੇ ਜਿਹੜੇ ਯਾਦ ਬਿਨਾਂ ਦਮ ਗੁਜ਼ਰਨ, ਉਹ ਕੰਮ ਨ ਕਿਤੇ ਆਵਨ
ਇਕ ਪਲ ਜੁਦਾ ਨ ਹੋਵਨ ਹਰਗਿਜ਼, ਉਹ ਰਾਹ ਫਕਰ ਦਾ ਪਾਵਨ
ਸੰਤਰੇਣ ਜਿਨ੍ਹਾਂ ਖ਼ੁਦੀ ਗਵਾਈ, ਸੇ ਖ਼ਾਸ ਫ਼ਕੀਰ ਕਹਾਵਨ ।੨੧।

ਕਾਫ ਕਦਰਤ ਕਾਦਰ ਦੀ ਤੂੰ ਜਾਣੇ, ਤਾਂ ਸਭ ਨਾਲ ਹੋਵੇ ਰਾਜ਼ੀ
ਕੁਦਰਤ ਨਾਲ ਇਹ ਹੋਇਆ ਤਮਾਸ਼ਾ, ਜਿਉਂ ਨਟ ਪਾਈ ਬਾਜ਼ੀ
ਕਾਫਰ ਮੋਮਨ ਉਥੇ ਇਕੋ ਜਿਹਾ, ਉਸ ਆਪ ਸਭ ਸਾਜ਼ੀ
ਸੰਤਰੇਣ ਜਿਸ ਕੰਮ ਕਾਦਰ ਨਾਲ, ਉਸ ਚੁਕੀ ਸਭ ਮੁਹਤਾਜੀ ।੨੨।

ਗਾਫ਼ ਗ਼ਾਫਲ ਉਹੋ ਜਿਨ੍ਹਾਂ ਗ਼ਫਲਤ ਹੋਈ, ਤੇ ਫਕਰ ਰਹੇ ਹੁਸ਼ਿਆਰੀ
ਉਨ੍ਹਾਂ ਗਫਲਤ ਨਾਲ ਕੀ ਲਗੇ, ਜਿਨ੍ਹਾਂ ਨਾਲ ਕਾਦਰ ਦੇ ਯਾਰੀ
ਜੋ ਦਿਸਦਾ ਸੋ ਫਾਨੀ ਦਿਸਦਾ, ਉਹ ਜਾਸਨ ਅਪਣੀ ਵਾਰੀ
ਸੰਤਰੇਣ ਇਥੇ ਰੈਹਿਨ ਨਾ ਹੋਂਦਾ, ਕੁਝ ਅਗਲੀ ਕਰ ਤਿਆਰੀ ।੨੩।

ਲਾਮ ਲਾਮਕਾਨ ਵਿਚ ਸੈਰ ਜਿਨ੍ਹਾਂ ਦਾ, ਉਹ ਰਹਿਸਨ ਸਦਾ ਖੁਸ਼ਹਾਲੀ
ਖ਼ਾਸ ਜਗੀਰਾਂ ਉਨ੍ਹਾਂ ਪਾਈਆਂ, ਹਰਦਮ ਉਨ੍ਹਾਂ ਬਹਾਲੀ
ਦੋਵੇਂ ਜਹਾਨ ਉਨ੍ਹਾਂ ਦੇ ਬਰਦੇ, ਰੱਬ ਜਿਨ੍ਹਾਂ ਦਾ ਵਾਲੀ
ਸੰਤਰੇਣ ਰੱਬ ਹੋਇਆ ਉਨ੍ਹਾਂ ਦਾ, ਜਿਨ੍ਹਾਂ ਦਿਲ ਦੁਨੀਆਂ ਤੋਂ ਖਾਲੀ ।੨੪।

ਮੀਮ ਮੁਰਸ਼ਦ ਕਾਮਲ ਦਾ ਲੜ ਪਕੜੇਂ, ਤਾਂ ਸਾਬਤ ਤੂੰ ਜਾਏਂ
ਖਿਜਮਤ ਕਰੇਂ ਉਨ੍ਹਾਂ ਦਿਲ ਥੀਂ, ਤਾਂ ਖ਼ੈਰ ਫਕਰ ਦਾ ਪਾਏਂ
ਸੁਆਦ ਫਕਰ ਦਾ ਤਾਂਹੀਂ ਆਵੀ, ਜਾਂ ਤੂੰ ਫਕਰ ਕਮਾਏਂ
ਸੰਤਰੇਣ ਕੋਈ ਕੀਕੁਰ ਜਾਣੈ, ਬਿਨਾ ਲੱਜ਼ਤ ਦੇ ਆਏ ।੨੫।

ਨੂਨ ਨੂਰ ਨ ਅਵੇਹਾ ਜਗ ਵਿਚ, ਜਿਹੜਾ ਨੂਰ ਫਕਰ ਹੱਥ ਆਇਆ
ਜਿਤ ਵਲ ਵੇਖਨ ਨੂਰ ਹੀ ਵੇਖਨ, ਹਰਦਮ ਸਦਾ ਸਵਾਇਆ
ਬਿਨਾਂ ਸ਼ਰਾਬ ਉਹ ਮਸਤ ਹਮੇਸ਼ਾਂ, ਜੈਨੂੰ ਮੁਰਸ਼ਦ ਜਾਮ ਪੀਵਾਇਆ
ਸੰਤਰੇਣ ਉਸ ਸਭ ਕਿਛੁ ਕੀਤਾ, ਜਿਸ ਕਦਮ ਫਕਰ ਵਲ ਪਾਇਆ ।੨੬।

ਵਾਉ ਵਸਲ ਹੋਵੇ ਨਾਲ ਸਾਂਈ ਦੇ, ਜੇ ਟੁਕ ਪਕੜੇ ਗੋਸ਼ਾ
ਤੇ ਇਹ ਦੁਨੀਆਂ ਚਾਰ ਦਿਹ ੜੇ, ਕਛੁ ਅਗੇ ਦਾ ਕਰ ਤੋਸ਼ਾ
ਸ਼ੋਰ ਬਿਨਾ ਕੋਈ ਹੋਰ ਨ ਦਿਸੈ, ਇਹ ਝੂਠੀ ਪੋਸ਼ਾ ਪੋਸ਼ਾ
ਸੰਤਰੇਣ ਕੰਮ ਕੀਤਾ ਬਣਦਾ, ਅਤੇ ਇਸ ਦਾ ਕਉਣ ਭਰੋਸਾ ।੨੭।

ਹੇ ਹਜ਼ੂਰ ਸੋ ਜਾਨਣ ਸਾਂਈ, ਜਿਨ੍ਹਾਂ ਕਰਮ ਸਾਂਈ ਆਪ ਕਰਦਾ
ਹਰ ਯਕ ਦੇ ਵਿਚ ਹਰਿ ਹੀ ਵੇਖਨ, ਦੂਰ ਹੋਇਆ ਜਿਨ੍ਹਾਂ ਪੜਦਾ
ਜਿਸ ਤੇ ਮੇਹਰ ਕਰਨ ਸਾਂਈ ਵਾਲੇ, ਸੋ ਪੈਰ ਫਕਰ ਵਲ ਧਰਦਾ
ਸੰਤਰੇਣ ਉਹ ਓਹੋ ਜਾਣੈ, ਜੋ ਵਾਕਿਫ ਹੋਵੈ ਘਰ ਦਾ ।੨੮।

ਹਮਜ਼ਾ ਹਰਗਿਜ਼ ਗ਼ੈਰ ਨ ਵੇਖੇ, ਤਾਂ ਉਹ ਹੋਵੈ ਖਾਸਾ
ਛਡੇ ਖ਼ੁਦੀ ਤੇ ਖ਼ੁਦ ਨੂੰ ਪਾਇ, ਵੇਖੇ ਅਜਬ ਤਮਾਸ਼ਾ
ਮੁਰਸ਼ਿਦ ਨਾਲ ਮੁਹੱਬਤ ਕਰਕੇ, ਪੁਰ ਕਰ ਲੈ ਅਪਨਾ ਕਾਸਾ
ਸੰਤਰੇਣ ਉਹ ਕਦੇ ਨ ਹਾਰੇ, ਢਾਲ ਜੋ ਜਾਣੈ ਪਾਸਾ ।੨੯।

ਯੇ ਯਾਰ ਅਸਾਨੂੰ ਗਲ ਲਗ ਮਿਲਿਆ, ਅਸਾਂ ਨੰਗ ਭੁਖ ਰਹੀ ਨਾ ਕਾਈ
ਅਤੇ ਓਹੋ ਮਿਲਿਆ ਜਿਹੜਾ ਨਾਲ ਹਮੇਸ਼ਾਂ, ਜਿਸ ਨਹੀਂ ਸੀ ਕਦੇ ਜੁਦਾਈ
ਸਭਨਾਂ ਰਲ ਕੈ ਇਕੋ ਆਖਿਆ, ਪੱਕੀ ਇਹੋ ਗੁਆਹੀ
ਸੰਤਰੇਣ ਉਨ੍ਹਾਂ ਇਕੋ ਡਿਠਾ, ਜਿਨ੍ਹਾਂ ਰਮਜ਼ ਕਾਮਲ ਦੀ ਪਾਈ ।੩੦।

ਤੀਜ਼ੀ ਸੀਹਰਫੀ

ਅਲਫ ਅਵੇਹਾ ਯਾਰ ਨ ਕੋਈ, ਜਿਹੜਾ ਹਰ ਜਾ ਹਾਜ਼ਰ ਹੋਵੇ
ਜਿਥੇ ਪਹੁੰਚ ਕਿਸੇ ਦੀ ਨਾਹੀਂ, ਉਹ ਅਗੈ ਜਾਇ ਖਲੋਵੈ
ਸਭ ਜਗ੍ਹਾ ਵਿਚ ਉਸਨੂੰ ਦਿਸੈ, ਜਿਹੜਾ ਕਰ ਸਾਫ਼ੀ ਦਿਲ ਧੋਵੇ
ਸੰਤਰੇਣ ਉਹ ਸਭ ਦਾ ਸਾਥੀ, ਜੇ ਮਹਿਰਮ ਦਿਲ ਦਾ ਹੋਵੈ ।੧।

ਬੇ ਬਖਸ਼ੀਸ਼ ਉਨ੍ਹਾਂ ਨੂੰ ਹੋਈ, ਜਿਸ ਨਾਲ ਮੁਰਸ਼ਦ ਦਿਲ ਲਾਇਆ
ਦਿਲ ਥੀਂ ਗ਼ੈਰ ਦਲੀਲਾਂ ਸੱਟ ਕੇ, ਉਸ ਦਿਲ ਵਿਚ ਦਿਲਬਰ ਪਾਇਆ
ਬਿਨ ਕਾਮਿਲ ਜੋ ਰੱਬ ਨੂੰ ਢੂੰਡਨ, ਉਹ ਹੱਥ ਨ ਕਿਸੈ ਆਇਆ
ਸੰਤਰੇਣ ਉਹ ਤਿਸਨੂੰ ਲੱਭਦਾ, ਜਿਸ ਖੁਦੀ ਦਾ ਨੁਕਤਾ ਢਾਇਆ ।੨।

ਤੇ ਤੇਰੇ ਘਰ ਵਿਚ ਵਡਾ ਤਮਾਸ਼ਾ, ਜੇ ਟੁਕ ਸ਼ਾਂਤੀ ਪਾਏ
ਲਾਜ਼ਵਾਲ ਦੌਲਤ ਹੱਥ ਲਗੀ, ਤਾਂ ਘਰ ਵਿਚ ਬੈਠਾ ਖਾਏਂ
ਛਡੇ ਸ਼ੱਕ ਤੇ ਹੱਕ ਪਛਾਣੇਂ, ਜੇ ਹਰਦਮ ਹਰਿ ਵਲ ਲਾਏਂ
ਸੰਤਰੇਣ ਹੱਜ ਹੋਵੀ ਘਰ ਵਿਚ, ਕਿਉਂ ਮੱਕਾ ਢੂੰਡਣ ਜਾਏਂ ।੩।

ਸੇ ਸਾਬਤ ਦੁਨੀਆਂ ਵਿਚ ਉਹੋ, ਜਿਹੜਾ ਰੱਬ ਪਛਾਣੇ
ਤੇ ਪਾਕ ਸਾਫ ਓਹ ਰਹੈ ਹਮੇਸ਼ਾਂ, ਦਿਲ ਵਿਚ ਮੌਜਾਂ ਮਾਣੇ
ਮੰਨੇ ਰਜਾਇ ਸਾਂਈ ਦੀ ਸਿਰ ਤੇ, ਅਤੇ ਵਰਤੇ ਉਸਦੇ ਭਾਣੇ
ਸੰਤਰੇਣ ਉਹ ਕੁਲ ਦਾ ਵਾਲੀ, ਜਿਹੜਾ ਘਟ ਨ ਕਿਸੈ ਜਾਣੇ ।੪।

ਜੀਮ ਜਮੀਅਤ ਦਿਲ ਦੀ ਪਾਇੰ, ਤਾਂ ਖੁਸ਼ੀ ਤੇਰੇ ਹੱਥ ਲੱਗੇ
ਦੁਨੀਆ ਵਿਚ ਖੁਆਰੀ ਬਹੁਤੀ, ਇਸ ਦੁਨੀਆਂ ਬਹੁਤੇ ਠੱਗੇ
ਕਰ ਕਰ ਜ਼ੁਲਮ ਇਕੱਠੀ ਕਰਦੇ, ਉਹ ਨ ਰਹਿੰਦੀ ਕਿਸੈ ਦੇ ਅੱਗੇ
ਮੰਤਰੇਣ ਖੁਸ਼ੀ ਹੱਥ ਆਵੈ, ਜੇ ਚਿਣਗ ਇਸ਼ਕ ਦੀ ਜਗੇ ।੫।

ਹੇ ਹਿੰਮਤ ਸਾਂਈ ਤੈਨੂੰ ਦੇਵੇ, ਤਾਂ ਟੁਕ ਪਕੜੇ ਗੋਸ਼ਾ
ਜੋ ਕੁਝ ਰੋਜ਼ ਅੱਵਲ ਦ ਲਿਖਿਆ, ਉਸਤੇ ਕਰੇ ਭਰੋਸਾ
ਮਹਿਵ ਹੋਵੈਂ ਤੂ ਨਾਲ ਸਾਂਈ ਦੇ, ਇਹ ਅਗਲਾ ਕਰੇ ਤੂੰ ਤੋਸਾ
ਸੰਤਰੇਣ ਤੂੰ ਸਮਝ ਸਵੇਲੇ, ਹੋਰ ਝੂਠੀ ਪੋਸ਼ਾ ਪੋਸ਼ਾ ।੬।

ਖੇ ਖਿਆਲ ਤੂੰ ਸਭ ਚਾ ਛੱਡੇ, ਤਾਂ ਤੂੰ ਹੋਵੇਂ ਖਾਸਾ
ਦੁਨੀਆਂ ਤੇ ਜੋ ਰਹੇ ਕਿਨਾਰੇ, ਤਾਂ ਵੇਖੈ ਅਜਬ ਤਮਾਸ਼ਾ
ਇਹ ਜਗ ਐਵੇਂ ਚਲਿਆ ਜਾਂਦਾ, ਜਿਉਂ ਪਾਨੀ ਵਿਚ ਪਤਾਸਾ
ਸੰਤਰੇਣ ਹੁਣ ਪਹੁੰਚ ਸਵੇਲੇ, ਇਸ ਦਮ ਦਾ ਕੀ ਭਰਵਾਸਾ ।੭।

ਦਾਲ ਦਮਾਮੇ ਕੂਚ ਕਰਨ ਦੇ, ਸਿਰ ਸਭਸੈ ਦੇ ਵਜਦੇ
ਜਿਨ੍ਹਾਂ ਭਿਣਕ ਪਈ ਕੰਨ ਅੰਦਰ, ਉਹ ਝੂਠੇ ਸਾਜ ਨ ਸਜਦੇ
ਸੂਰੇ ਹਰਗਿਜ਼ ਮੂੰਹੋ ਨ ਬੋਲਣ, ਤੇ ਕਾਇਰ ਬਹੁਤੇ ਗਜਦੇ
ਸੰਤਰੇਣ ਰਣ ਸਨਮੁਖ ਹੋਇਆਂ, ਉਥੇ ਕਾਇਰ ਦਿਸਨ ਭਜਦੇ ।੮।

ਜ਼ਾਲ ਜ਼ਵਾਲ ਨ ਉਨ੍ਹਾਂ ਹਰਗਿਜ, ਜਿਨ੍ਹਾਂ ਖਾਹਸ਼ ਰਹੀ ਨ ਕਾਈ
ਨਾਲ ਕਿਨਾਇਤ ਉਹ ਪਕੜਨ ਗੋਸ਼ਾ, ਅਤੇ ਦਿਲ ਵਿਚ ਸ਼ੌਕ ਇਲਾਹੀ
ਫਿਰਨ ਖੁਸ਼ਹਾਲ ਅਲਮਸਤ ਹਮੇਸ਼ਾ, ਉਨ੍ਹਾਂ ਨੰਗ ਭੁਖ ਰਹੀ ਨ ਕਾਈ
ਸੰਤਰੇਣ ਉਹ ਫਾਰਗ ਹੋਏ, ਜਿਨ੍ਹਾਂ ਨਜ਼ਰ ਕਾਮਲ ਦੀ ਪਾਈ ।੯।

ਰੇ ਰਿਆਜ਼ਤ ਕਾਰ ਸਰ ਵੀ ਕੋਈ, ਵਿਰਲਾ ਇਸਨੂੰ ਜਾਣੇ
ਨਾਲ ਸਚਿਆਈ ਸਾਈਂ ਮਿਲਦਾ, ਨਹੀਂ ਮਿਲਦਾ ਭਗਵੇਂ ਬਾਣੇ
ਹਿਰਸ ਹਵਾ ਦੁਨੀਆਂ ਦੀ ਛੱਡੇ, ਨ ਢੂੰਡੇ ਚਿਕਣੇ ਖਾਣੇ
ਸੰਤਰੇਣ ਸਾਈਂ ਦਾ ਓਹੋ, ਜੋ ਵਰਤੇ ਉਸ ਦੇ ਭਾਣੇ ।੧੦।

ਜ਼ੇ ਜ਼ਿਆਤੀ ਤੂੰ ਕਰੇਂ ਨ ਕਾਈ; ਤੇ ਰਾਹ ਚਲੇਂ ਸਚਿਆਰਾਂ
ਹੋਇ ਖਲਾਸ ਫਿਰੇਂ ਤੂੰ ਜਗ ਵਿਚ, ਜੇ ਸੁਹਬਤ ਪਾਇ ਯਾਰਾਂ
ਮੁਹਕਮ ਕਦਮ ਨ ਡੋਲੇ ਜ਼ਰਰਾ, ਸੋ ਕਰਦਾ ਸਦਾ ਬਹਾਰਾਂ
ਸੰਤਰੇਣ ਉਹ ਅੱਖੀਂ ਲੱਭਨ, ਤਾਂ ਖੁਲ੍ਹ ਪਵਨ ਗੁਲਜ਼ਾਰਾਂ ।੧੧।

ਸੀਨ ਸਲੂਕ ਤੂੰ ਕਰੇਂ ਅਵੇਹਾ, ਜੋ ਬਿਨ ਸਾਈਂ ਹੋਰ ਨ ਵੇਖੇਂ
ਹਰਿ ਹਰਿ ਦੇ ਵਿਚ ਹਰਿ ਹੀ ਜਾਣੈਂ, ਅਤੇ ਹਰਿ ਵੇਖੇਂ ਹਰਿ ਭੇਖੇ
ਜੋ ਦਮ ਯਾਰ ਸਾਈਂ ਦੀ ਗੁਜ਼ਰਨ, ਸੋ ਦਮ ਪੜੁੰਦੇ ਲੇਖੇ
ਸੰਤਰੇਣ ਜਾਂ ਗ਼ੈਰ ਨ ਰਹਿਆ, ਤਾਂ ਬਿਨ ਸਾਂਈਂ ਹੋਰ ਕੀ ਦੇਖੇ ।੧੨।

ਸੀਨ ਸ਼ਰੀਕ ਨ ਤੇਰਾ ਕੋਈ, ਜੇ ਟੁਕ ਖ਼ੁਦੀ ਗਵਾਏਂ
ਸ਼ਾਹ ਰਗ ਥੀਂ ਸਭ ਨੇੜੇ ਆਖਨ, ਜੇ ਤੂੰ ਝਾਤੀ ਪਾਏਂ
ਇਸ ਵਿਚ ਸ਼ੱਕ ਨ ਲਿਆਵੈਂ ਹਰਗਿਜ਼, ਅਤੇ ਦਿਲ ਦੇ ਨਾਲ ਹੰਢਾਏਂ
ਸੰਤਰੇਣ ਨੁਕਤਾ ਹੱਥ ਆਵੇ, ਜੇ ਦਰ ਕਾਮਲ ਦੇ ਜਾਏਂ ।੧੩।

ਸ੍ਵਾਦ ਸ੍ਵਾਲ ਸਾਈਂ ਨੂੰ ਕਰੀਏ, ਤੂੰ ਸਾਡਾ ਕਰ ਖਸਮਾਨਾ
ਅਪਣੇ ਲੜ ਤੂੰ ਲਾਇਕੇ ਰਖੀਂ, ਹੋ ਜਾਂਦਾ ਬੁਰਾ ਜ਼ਮਾਨਾ
ਜੇ ਪਤ ਅਪਣੀ ਰੱਖਿਆ ਲੋੜੈ, ਮੁਹਬਤ ਕਰੇ ਇਨਸਾਨਾਂ
ਸੰਤਰੇਣ ਜਿਸ ਖੁਦੀ ਨੂੰ ਡਿਠਾ, ਸੋ ਸਭ ਤੇ ਹੋਵੈ ਦਾਨਾ ।੧੪।

ਜ਼ੁਆਦ ਜ਼ਮਾਨਾ ਬੁਰਾ ਨ ਕੋਈ, ਜੋ ਸਾਈਂ ਵਲ ਆਵੈ
ਬੁਰਾ ਜ਼ਮਾਨਾ ਉਹੋ ਜਾਣੈ, ਜਿਹੜਾ ਯਾਰ ਵਲੋਂ ਵਿਥ ਪਾਵੈ
ਇਕ ਯਾਰ ਦੀ ਹੁਬ ਰਹੇ ਦਿਲ ਅੰਦਰ, ਅਤੇ ਹੋਰ ਛਡੇ ਸਭ ਦਾਵੈ
ਸੰਤਰੇਣ ਜਿਸ ਯਾਰ ਪਿਆਰਾ, ਉਹ ਮੂੰਹੋ ਕੀ ਆਖ ਸੁਣਾਵੈ ।੧੫।

ਤੋਇ ਤਿਆਰੀ ਤੂੰ ਕਰ ਬਹੁ ਅਗਲੀ, ਨਹੀਂ ਮੌਤ ਕਿਸੈ ਨੂੰ ਛੱਡੇ
ਗ਼ੌਸ ਕੁਤਬ ਇਹ ਸਭ ਨੂੰ ਮਾਰੇ, ਕੀ ਛੋਟੇ ਕੀ ਵੱਡੇ
ਚਾਰੇ ਚੱਕ ਜਿਨ੍ਹਾਂ ਵਸ ਕੀਤੇ, ਸੇ ਧਰਤੀ ਵਿਚ ਗੱਡੇ
ਸੰਤਰੇਣ ਤੂੰ ਫ਼ਾਰਗ਼ ਹੋਇ ਰਹੁ, ਨਹੀਂ ਛਡਦੀ ਦੁਨੀਆਂ ਤਡੇ ।੧੬।

ਜ਼ੋਇ ਜ਼ਵਾਲ ਨ ਹਰਗਿਜ਼ ਹੋਵੀ, ਜੇ ਅਗਲੀ ਕਰੇਂ ਤਿਆਰੀ
ਦੁਨੀਆਂ ਦੀ ਜਿਨ੍ਹਾਂ ਦਿਲੋਂ ਮੁਹੱਬਤ, ਤਿਨ੍ਹਾਂ ਆਖਰ ਹੋਗੁ ਖੁਆਰੀ
ਛਡੇ ਖਾਇਸ਼ ਤੇ ਲਹੇਂ ਅਸ਼ਾਇਸ, ਤੈਨੂੰ ਮੁਰਸ਼ਦ ਪਾਰ ਉਤਾਰੀ
ਸੰਤਰੇਣ ਸਾਬਤ ਤੂੰ ਜਾਏਂ, ਜੇ ਘਰ ਦੀ ਬੰਨ੍ਹੈ ਬੁਹਾਰੀ ।੧੭।

ਐਨ ਇਨਾਇਤ ਇਹਾ ਜਾਣੋ, ਜੋ ਦਿਲ ਦੁਨੀਆਂ ਤੋਂ ਟੁਟੇ
ਫੇਰ ਜਗਾਤ ਲਗੇ ਉਸ ਕੇਹਾ, ਜਿਹੜਾ ਪੰਡ ਸਿਰੋਂ ਚਾ ਸੁਟੇ
ਮਾਉ ਮਨੇ ਦੀ ਡਾਢੀ ਫਾਹੀ, ਕੋਈ ਵਿਰਲਾ ਇਸ ਥੀਂ ਛੁਟੇ
ਸੰਤਰੇਣ ਜਿਨ੍ਹਾਂ ਮੁਰਸ਼ਦ ਮਿਲਿਆ, ਤਿਨ੍ਹਾਂ ਖਾਸ ਖਜ਼ਾਨੇ ਲੁਟੇ ।੧੮।

ਗ਼ੈਨ ਗ਼ੈਅਤ ਰਹੈ ਨ ਹਰਗਿਜ਼, ਜੇ ਟੁਕ ਦੂਈ ਗਵਾਏਂ
ਨਾਲ ਮੁਰਸ਼ਦ ਜੇ ਕਰੇਂ ਮੁਹੱਬਤ, ਤਾਂ ਖ਼ੈਰ ਫਕਰ ਦਾ ਪਾਏਂ
ਖੁਸ਼ੀ ਰੱਬਾਣੀ ਤਦ ਹੀ ਹੱਥ ਆਵੈ, ਜੇ ਮਨ ਦੀ ਖੁਸ਼ੀ ਗਵਾਏਂ
ਸੰਤਰੇਣ ਤੂੰ ਮਾਲਕ ਕੁਲ ਦਾ, ਜੇ ਦਿਲ ਥੀਂ ਗ਼ੈਰ ਭੁਲਾਏਂ ।੧੯।

ਫੇ ਫ਼ਕੀਰ ਸਾਈਂ ਦਾ ਹੋਵੇ, ਜੋ ਛਡੇ ਹੋਰ ਵਿਖਾਲੇ
ਮੰਨੇ ਹੁਕਮ ਰਜ਼ਾ ਸਾਈਂ ਦੇ, ਇਹ ਕੰਮ ਫਕੀਰਾਂ ਵਾਲੇ
ਦਿਲ ਦੇ ਗੋਸ਼ੇ ਰਹੇ ਹਮੇਸ਼ਾਂ, ਤੇ ਦਮ ਦਮ ਸਦਾ ਸਮਾਲੇ
ਸੰਤਰੇਣ ਰੱਬ ਤੇਰੇ ਅੰਦਰ, ਕਿਉਂ ਬਾਹਰ ਢੂੰਡੇਂ ਭਾਲੇਂ ।੨੦।

ਕਾਫ਼ ਕੁਫਰ ਵਿਚ ਰਹੇ ਨ ਜ਼ਰਰਾ, ਮੁਰਸ਼ਦ ਜਿਸ ਦਾ ਵਾਲੀ
ਗ਼ੈਰ ਦਲੀਲਾਂ ਦਿਲ ਥੀਂ ਸਟੇ, ਦਮ ਦਮ ਤਿਸ ਖੁਸ਼ਹਾਲੀ
ਜਿਤ ਵਲ ਵੇਖੇ ਤਿਤੇ ਵਲ ਦਿਸਦਾ, ਉਸ ਬਾਝੋਂ ਜਾਇ ਨਾ ਖਾਲੀ
ਸੰਤਰੇਣ ਜਿਸ ਮੁਰਸ਼ਦ ਕਾਮਿਲ, ਉਸ ਨੂੰ ਸਦਾ ਬਹਾਲੀ ।੨੧।

ਕਾਫ਼ ਕਨਾਇਤ ਬਹੈ ਜੁ ਕਰਕੇ, ਤਿਸ ਵੱਡੀ ਖੁਸ਼ੀ ਹੱਥ ਆਵੈ
ਹਿਰਸ ਹਵਾਇ ਦੀਆਂ ਡਾਢਾਂ ਲਹਿਰਾਂ, ਉਥੇ ਹਾਦੀ ਪਾਰ ਲੰਘਾਵੈ
ਕੁਲ ਸੈਨ ਇਤੇ ਵਲ ਜਾਂਦੀ, ਕੋਈ ਵਿਰਲਾ ਮੋੜਾ ਪਾਵੈ
ਸੰਤਰੇਣ ਬਿਨ ਸਾਈਂ ਲੋਕਾਂ, ਹੋਰ ਕਰਦੀ ਝੂਠੇ ਦਾਅਵੈ ੨੨।

ਗ਼ਾਫ ਗਫਲਤ ਨਾਲ ਤੂੰ ਘਰ ਵਿਚ ਬੈਠਾ, ਤੇ ਇਸ ਘਰ ਮੂਲ ਨ ਰਹਿਣਾ
ਲੈ ਲੈ ਖਬਰ ਤੂੰ ਘਰ ਵਾਲੇ ਦੀ, ਨਹੀਂ ਆਖਰ ਇਸ ਦੀ ਢਹਿਣਾ
ਦਾਅਵਾ ਛੱਡ ਬਹੈਂ ਇਸ ਘਰ ਵਿਚ, ਤਾਂ ਸਭ ਵਲ ਤੇਰਾ ਲਹਿਣਾ
ਸੰਤਰੇਣ ਕੁਛ ਹੋਰ ਨ ਕਰਨਾ, ਨਿਰਦਾਵੇ ਹੋਇ ਰਹਿਣਾ ।੨੩।

ਲਾਮ ਲਤੀਫ ਓਹੋ ਇਸ ਜਗ ਵਿਚ, ਜੇਹੜੇ ਯਾਰ ਦੀ ਰੰਗਣ ਰੱਤੇ
ਰੰਗ ਬਰੀਕ ਉਨ੍ਹਾਂ ਨੂੰ ਚੜ੍ਹਿਆ, ਜੋ ਰਹਿਣ ਉਸੇ ਵਲ ਮੱਤੇ
ਹਰਗਿਜ਼ ਤੰਦ ਨ ਪਵੇ ਅਵੱਲੀ, ਜੇਹੜੀ ਨਾਲ ਸਹੇਲੀਆਂ ਕੱਤੇ
ਸੰਤਰੇਣ ਅਸੀਂ ਬਰਦੇ ਉਸਦੇ, ਜਿਹੜਾ ਦਸ ਅਸਾਨੂੰ ਘੱਤੇ ।੨੪।

ਮੀਮ ਮੁਸੱਲਮ ਦੀਨ ਉਨ੍ਹਾਂ ਦਾ, ਜਿਨ੍ਹਾਂ ਸ਼ੌਕ ਇਲਾਹੀ
ਹਰਜਕ ਨਾਲ ਮੁਹੱਬਤ ਕਰਦੇ, ਤੇ ਦਿਲ ਥੀਂ ਬੇਪ੍ਰਵਾਹੀ
ਜਿਸ ਤੇ ਨਜ਼ਰ ਕਰੇ ਤਿਸ ਤਾਰਨ, ਇਹ ਦਿੰਦੇ ਸਭ ਗੁਆਹੀ
ਸੰਤਰੇਣ ਨਤੁ ਰੋਜ਼ ਤ੍ਰਿਨ੍ਹਾਂ ਨੂੰ, ਜਿਨ੍ਹਾਂ ਅਸਲੀ ਮਿਲੀ ਪਾਤਸ਼ਾਹੀ ।੨੫।

ਨੂਰ ਨੂਰਾਨੀ ਜੇ ਕੋਈ ਹੋਵੇ, ਤਾਂ ਉਹ ਖਾਂਵਦ ਸਭ ਬਰਦੇ
ਨੂਨ ਨਿਗਾਹ ਸਭਸੇ ਨੋ ਦੇਖਨ, ਜਾਂ ਦੂਰ ਹੋਵਨ ਵਿਚ ਪੜਦੇ
ਲੋਕਾਂ ਦੀ ਕੀ ਆਖ ਸੁਣਾਵੈ, (ਤਿਨਾਂ ਦੀ) ਆਮ ਲੋਕ ਤਰੀਫ਼ਾਂ ਕਰਦੇ
ਸੰਤਰੇਣ ਜਿਨ੍ਹਾਂ ਖ਼ੁਦੀ ਗਵਾਈ, ਸੇ ਖਾਸ ਸਾਈਂ ਦੇ ਬਰਦੇ ।੨੬।

ਵਾਉ ਵਿਸਾਲ ਤਿਨ੍ਹਾਂ ਨੂੰ ਹੋਂਦਾ, ਜਿਨ੍ਹਾਂ ਖਾਇਸ਼ ਰਹੀ ਨਾ ਕਾਈ
ਜੋ ਦਮ ਕੱਢਣ ਸੋ ਨਾਲ ਸਾਈਂ ਦੇ, ਇਕ ਪਲ ਨਹੀਂ ਰਹਿਣ ਜੁਦਾਈ
ਗ਼ੈਰਦਲੀਲ ਨਾ ਠਹਿਰੇ ਹਰਗਿਜ਼, ਦਿਲ ਦੀ ਉਨ੍ਹਾਂ ਸਫ਼ਾਈ
ਸੰਤਰੇਣ ਹੁਣ ਖੁਸ਼ੀ ਹਮੇਸ਼ਾਂ, ਜਿਨ੍ਹਾਂ ਲਗੀ ਹਬ ਖੁਦਾਈ ।੨੭।

ਹੇ ਹਾਜਤ ਤੈਨੂੰ ਰਹੇ ਨਾ ਕਾਈ, ਜੇ ਪੱਲਾ ਫੜੇਂ ਫ਼ਕੀਰਾਂ
ਮੁਹਕਮ ਰਹੇ ਉਨ੍ਹਾਂ ਦੇ ਦਰ ਤੇ, ਛਡੇ ਸਭ ਤਤਬੀਰਾਂ
ਲਾਮਕਾਨ ਤੈਨੂੰ ਲੈ ਪਹੁੰਚਾਵਨ, ਜਿਥੇ ਪਹੁੰਚ ਨ ਸ਼ਾਹ ਵਜ਼ੀਰਾਂ
ਸੰਤਰੇਣ ਜਿਨ੍ਹਾਂ ਮੁਰਸ਼ਦ ਮਿਲਿਆ, ਤਿਨ੍ਹਾਂ ਪਾਈਆਂ ਖਾਸ ਜਗੀਰਾਂ ।੨੮।

ਹਮਜ਼ਾ ਹਰਗਿਜ਼ ਗ਼ੈਰ ਨ ਕੋਈ, ਆਪੇ ਬਣਿਆ ਬਣਾਇਆ
ਤਹਿਕੀਕ ਕੀਆ ਅਸਾਂ ਬੇਦ ਪੁਰਾਨੀਂ, ਅਤੇ ਸਭਨਾਂ ਆਖ ਸੁਣਾਇਆ
ਏਸ ਬਿਨਾ ਕੋਈ ਹੋਰ ਨ ਦੂਜਾ, ਮਨਸੂਰ ਭਿ ਸੁਖ਼ਨ ਅਲਾਇਆ
ਸੰਤਰੇਣ ਜਾਂ ਖੁਦੀ ਗਵਾਈ, ਤਾਂ ਇਹ ਨੁਕਤਾ ਹੱਥ ਆਇਆ ।੨੯।

ਯੇ ਯਾਰਾਂ ਦੀ ਸੁਹਬਤ ਪਾਈ, ਤਾਂ ਯਾਰ ਮਿਲਿਆ ਸਾਨੂੰ ਹੱਸ ਕੇ
ਇਹ ਸੁਖ ਮੇਰੇ ਅੰਗ ਨ ਮਾਵੇ, ਦੁਖ ਗਏ ਅਸਾਥੋਂ ਨੱਸ ਕੇ
ਜ਼ਾਹਰ ਬਾਤਨ ਨੂਰ ਦਿਸੀਂਦਾ, ਹਰ ਜਾ ਨੂਰ ਹੀ ਬਸ ਕੇ
ਸੰਤਰੇਣ ਉਹ ਦੌਲਤ ਪਾਈ, ਜਿਹੜੀ ਲਏ ਨ ਕੋਈ ਖੱਸ ਕੇ ।੩੦। ੩।

ਚੌਥੀ ਸੀਹਰਫ਼ੀ

ਅਲਫ ਅਸਾਂ ਵਲ ਆਉ ਕਦਾਂਹੀ, ਤਾਂ ਦੁਖ ਅਸਾਂ ਥੋਂ ਜਾਵੇ
ਤੇਰੇ ਬਿਨਾ ਦੁਖ ਪਏ ਘਨੇਰੇ, ਕੋਇ ਸੁਖ ਨ ਮੁਖ ਦਿਖਾਵੈ
ਪਿਆਰੇ ਮਿਲਿਆਂ ਮਨ ਹੋਵੈ ਠੰਢਾ, ਜੇ ਟੁਕ ਝਾਤੀ ਪਾਵੈ
ਸੰਤਰੇਣ ਉਹ ਤਾਂਹੀ ਮਿਲਦਾ, ਜਾਂ ਕਾਮਲ ਆਨ ਮਿਲਾਵੈ ।੧।

ਬੇ ਬਾਹਰ ਹਰਗਿਜ਼ ਜ਼ਰਾ ਨ ਜਾਵੈ, ਅੰਦਰ ਸਭ ਕੋਈ ਦਿਸਦਾ
ਜੇ ਬਣ ਕੇ ਕੁਝ ਤੂੰ ਢੂੰਢਨ ਲਗਦਾ, ਤਾਂ ਅਗੇ ਉਸ ਤੋਂ ਨਸਦਾ
ਆਪਾ ਛੱਡੇਂ ਤੇ ਆਪੇ ਪਾਇਏਂ, ਮਿਲੇ ਉਹ ਹਸਦਾ ਹਸਦਾ
ਸੰਤਰੇਣ ਜਾਂ ਮਹਿਰਮ ਹੋਇਆ, ਤਾਂ ਅਗੇ ਘਰ ਵਿਚ ਵਸਦਾ ।੨।

ਤੇ ਤੇਰੇ ਜੇਹਾ ਹੋਰ ਨ ਕੋਈ, ਜੇ ਮਨ ਨੂੰ ਜ਼ਰਾ ਸਮਝਾਏਂ
ਗੋਸ਼ਾ ਪਕੜ ਬਹੇਂ ਤੂੰ ਦਿਲ ਦਾ, ਅਤੇ ਦਿਲ ਥੀਂ ਗ਼ੈਰ ਭੁਲਾਏਂ
ਲਾਜ਼ਵਾਲ ਦੌਲਤ ਹੱਥ ਆਵੀ, ਅਤੇ ਘਰ ਵਿਚ ਬੈਠਾ ਖਾਏਂ
ਸੰਤਰੇਣ ਤੈਨੂੰ ਸਭ ਕਿਛ ਹਾਸਲ, ਜਾਂ ਕਦਮ ਫਕਰ ਵਲ ਪਾਏਂ ।੩।

ਸੇ ਸਿਆਣਪ ਉਸੇ ਦੀ ਇਥੇ, ਜਿਸ ਅਗਲਾ ਕੰਮ ਬਣਾਇਆ
ਜੋ ਆਇਆ ਤਿਸ ਸਰਪਰ ਜਾਣਾ, ਤੇ ਜੋ ਬਣਿ ਬਣਿ ਸ਼ੇਖ ਸਦਾਇਆ
ਪੀਰ ਪੈਕੰਬਰ ਗੌਂਸ ਕੁਤਬ ਸਭ, ਅਗੇ ਹੱਥ ਨ ਕਿਸੈ ਉਠਾਇਆ
ਸੰਤਰੇਣ ਉਸ ਰਾਹ ਨ ਖ਼ਤਰਾ, ਜਿਸ ਮੁਰਸ਼ਿਦ ਕਾਮਲ ਪਾਇਆ ।੪।

ਜੀਮ ਜਮਾਲ ਦਿਲਬਰ ਦਾ ਵੇਖਨ, ਇਥੇ ਇਹੋ ਕੰਮ ਜ਼ਰੂਰੀ
ਇਸ ਜਿਸਮ ਵਿਚ ਦਿਲਬਰ ਮਿਲਦਾ, ਜੇ ਪਕੜੇਂ ਸਿਦਕ ਸਬੂਰੀ
ਹੀਲੇ ਲਖ ਕਰੀਏ ਦੁਨੀਆਂ ਦੇ, ਹੋਰ ਕਿਤੇ ਨ ਪਉਂਦੀ ਪੂਰੀ
ਸੰਤਰੇਣ ਉਹ ਫਾਰਗ਼ ਹੋਇਆ, ਜਿਨ੍ਹਾਂ ਜ਼ਿਕਰ ਕੀਤੀ ਮਨਸੂਰੀ ।੫।

ਹੇ ਹੀਲੇ ਹੋਰ ਸਭੇ ਚਾ ਛਡੀਏ, ਇਕ ਹੀਲਾ ਇਹੋ ਕਰੀਏ
ਜਿਸ ਮਰਨੇ ਤੋਂ ਸਭ ਕੋਈ ਡਰਦਾ, ਉਸ ਮਰਣ ਤੋਂ ਅਗੇ ਮਰੀਏ
ਹਿਰਸ ਹਵਾ ਦੁਨੀਆਂ ਦੀ ਛਡੀਏ, ਲੜ ਲਗ ਕਾਮਲ ਦੇ ਤਰੀਏ
ਸੰਤਰੇਣ ਸਾਈਂ ਹੁਣ ਮਿਲਦਾ, ਜਾਂ ਕਦਮ ਉਸੇ ਵਲ ਧਰੀਏ ।੬।

ਖੇ ਖ਼ਾਸ ਖ਼ਜ਼ਾਨਾ ਅੰਤਰ ਤੇਰੇ, ਤੂੰ ਢੂੰਢੇਂ ਦਰ ਹਰ ਹਰ ਦੇ
ਜੇ ਟੁਕ ਅੰਦਰ ਝਾਤੀ ਪਾਇੰ, ਤਾਂ ਤੂੰ ਖਾਂਵਦ ਸਭ ਬਰਦੇ
ਮੁਹੱਬਤ ਕਰੇਂ ਸਾਈਂ ਦੇ ਲੋਕਾਂ, ਤਾਂ ਨਜ਼ਰ ਮਿਹਰ ਦੀ ਕਰਦੇ
ਸੰਤਰੇਣ ਜਿਨ੍ਹਾਂ ਮੁਰਸ਼ਿਦ ਕਾਮਲ, ਸੇ ਦੁਨੀਆਂ ਨੂੰ ਤਰਦੇ ।੭।

ਦਾਲ ਦਾਇਮ ਦੌਲਤ ਰਹੇ ਹਮੇਸ਼ਾ, ਜੇਹੜੀ ਫ਼ਕਰ ਕੋਲੋਂ ਹੱਥ ਆਵੇ
ਇਹ ਦੁਨੀਆਂ ਦੋਇ ਚਾਰ ਦਿਹਾੜੇ, ਝੂਠੇ ਕਰਦੇ ਦਾਵੇ
ਦੁਖਾਂ ਨਾਲ ਉਹ ਕਰਨ ਇਕੱਠੀ, ਅਤੇ ਮੁਇਆਂ ਨਾਲ ਨ ਜਾਵੇ
ਤਰੇਣ ਉਹ ਦੌਲਤ ਪਾਈ, ਜਿਹੜੀ ਕਦੇ ਨ ਜਾਵੇ ।੮।

ਜ਼ਾਲ ਜ਼ਰੂਰਤ ਯਾਰ ਮਿਲਨ ਦੀ, ਹੋਰ ਜ਼ਰੂਰ ਨ ਕਾਈ
ਜਿਸਮ ਬਣਿਆ ਇਹ ਯਾਰ ਮਿਲਣ ਦਾ, ਸਭ ਦੇਂਦੇ ਇਹ ਉਗਾਹੀ
ਮਿਲਯਾ ਯਾਰ ਤਸੱਲਾ ਹੋਈ, ਨਹੀਂ ਪਉਂਦੀ ਫੇਰ ਜੁਦਾਈ ।
ਸੰਤਰੇਣ ਜਾਂ ਯਾਰ ਨੂੰ ਮਿਲਯਾ, ਤਾਂ ਲਗੀ ਹੱਥ ਖ਼ੁਦਾਈ ।੯।

ਰੇ ਰਹਿਮਤ ਤੈਨੂੰ ਹੋਵੇ ਇਲਾਹੀ, ਜਿ ਰਾਹ ਚਲੇ ਸਚਿਆਰਾਂ
ਦੁਨੀਆਂ ਵਿਚ ਉਸ ਸਭ ਕਿਛ ਹਾਸਲ, ਜੋ ਸੁਹਬਤ ਪਾਇ ਯਾਰਾਂ।
ਜਿਹੜਾ ਬਹੇ ਬਗੀਚੇ ਦਿਲ ਦੇ, ਵੇਖੇ ਉਹ ਗੁਲਜ਼ਾਰਾਂ
ਮੰਤਰੇਣ ਜਿਸ ਮੁਰਸ਼ਦ ਕਾਮਲ, ਉਸ ਨੂੰ ਸਦਾ ਬਹਾਰਾਂ।੧੦।

ਜੇ ਜ਼ਿਕਰ ਇਥੇਂ ਹੋਰ ਨ ਕਰੀਏ, ਇਕ ਕਰੀਏ ਜ਼ਿਕਰ ਹਕਾਨੀ
ਜਿਹੜਾ ਜ਼ਿਕਰ ਮਨਸੂਰ ਜੋ ਕੀਤਾ, ਸ਼ੰਮਸ ਵਿਚ ਮੁਲਤਾਨੀਂ
ਇਹੋ ਜ਼ਿਕਰ ਪੈਕੰਬਰ ਕੀਤਾ, ਬੁਸਤਾਮੀ ਆਜ਼ਮ ਸਾਨੀ
ਮੰਤਰੇਣ ਤਹਿਕੀਕ ਏਹਾ ਗੱਲ, ਸਭ ਆਖਨ ਨਾਲ ਜ਼ਬਾਨੀ।੧੧।

ਸੀਨ ਸਾਬਤ ਇਸ਼ਕ ਉਨ੍ਹਾਂ ਦਾ ਹੋਇਆ, ਜਿਨ੍ਹਾਂ ਸਿਰ ਦਾ ਸਰਫਾ ਨਾਂਹੀ
ਇਕ ਦਮ ਵਿਲ ਪਵੇ ਨਾਲ ਜਾਨੀ, ਤਾਂ ਹੋਵਨ ਦੋ ਦੇ ਛਾਂਹੀ
ਜਿਸ ਰਾਹ ਪਹੁੰਚ ਕਿਸੈ ਦੀ ਨਾਹੀ, ਓਹ ਪਹੁੰਚੇ ਉਨ੍ਹੀਂ ਰਾਹੀਂ
ਮੰਤਰੇਣ ਜਾਂ ਪਿਆਰਾ ਮਿਲਯਾ, ਤਾਂ ਹੋਈ ਤਸੱਲਾ ਤਾਂਹੀ।੧੨।

ਸੀਨ ਸ਼ੱਕ ਨਾ ਲਿਅਵੈ ਹਰਗਿਜ਼, ਜੋ ਟੁਕ ਦੂਈ ਗਵਾਏਂ
ਤੇਰੇ ਬਿਨਾ ਕੋਈ ਹੋਰ ਨ ਦੂਜਾ, ਜੇ ਅੰਦਰ ਝਾਤੀਂ ਪਾਏਂ
ਏਸ ਸਿਰਰ ਥੀਂ ਵਾਕਫ ਹੋਵੇਂ, ਜੇ ਦਰ ਕਾਮਲ ਦੇ ਜਾਏਂ
ਮੰਤਰੇਣ ਤਾਂ ਸਭ ਕਿਛ ਹਾਸਲ, ਜਾਂ ਦਿਲ ਥੀਂ ਗ਼ੈਰ ਭੁਲਾਏਂ।੧੩।

ਸੁਆਦ ਸਵੱਲਾ ਰਾਹ ਫਕਰ ਦਾ, ਹੋਰ ਸਭਨੀ ਰਾਹੀਂ ਭੁਲਦੇ
ਇਹ ਦਮ ਬਾਦ ਗਵਾਈਅਨ ਨਾਹੀਂ, ਇਹ ਆਇ ਮਹਿੰਗੇ ਮੁਲ ਦੇ
ਹੁਣ ਦਿਆਂ ਭੁਲਿਆਂ ਠੌਰ ਨਾ ਕਾਈ, ਫਿਰਨ ਚੌਰਾਸੀ ਭੁਲਦੇ
ਮੰਤਰੇਣ ਜਿਹੜੇ ਸਮਝ ਖਲੋਤੇ, ਵਾਰਸ ਹੋਇ ਕੁਲ ਦੇ।੧੪।

ਜ਼ੁਆਦ ਜ਼ਬੂਨ ਨਹੀਂ ਕੁਝ ਬਣਿਆ, ਜਾਂ ਦਿਲ ਦੀ ਹੋਵੈ ਸਫਾਈ
ਗ਼ੈਰ ਦਲੀਲਾਂ ਤੇ ਹੁਬ ਦੁਨੀਆਂ ਦੀ, ਵਿਚ ਏਨ੍ਹਾਂ ਘੱਤੀ ਜੁਦਾਈ
ਹਿਰਸ ਹਵਾ ਥੀਂ ਫ਼ਾਰਗ ਹੋਵੈ, ਤਾਂ ਗੱਲ ਵੇਖੈਂ ਬਣੀ ਬਣਾਈ
ਸੰਤਰੇਣ ਉਹ ਕਾਮਲ ਹੋਵੇ, ਜਿਸ ਨਜ਼ਰ ਕਾਮਲ ਦੀ ਪਾਈ ।੧੫।

ਤੋਇ ਤਬੀਬ ਜੇ ਕਾਮਲ ਹੋਵੈ, ਤਾਂ ਦੁਖ ਨ ਕੋਈ ਰਹਿਦਾ
ਮੰਨੇ ਹੁਕਮ ਉਸੇ ਦਾ ਸਿਰ ਤੇ, ਜੋ ਕੁਝ ਮੂੰਹ ਥੀਂ ਕਹਿੰਦਾ
ਕਰੇ ਪ੍ਰੇਜ਼ ਦੁਨੀਆਂ ਦੀ ਈਵੈ, ਤਾਂ ਦੁਈ ਦਾ ਨੁਕਤਾ ਢਹਿੰਦਾ
ਸੰਤਰੇਣ ਜਿਸ ਖ਼ੁਦੀ ਗਵਾਈ, ਉਹ ਆਪੇ ਖੁਦ ਹੋਇ ਬਹਿੰਦਾ ।੧੬।

ਜ਼ੋਇ ਜ਼ਿਆਰਤ ਹੁਣ ਤੈਨੂੰ ਹੁੰਦੀ, ਜੇ ਸੁਹਬਤ ਕਰੇਂ ਫ਼ਕੀਰਾਂ
ਸੁਖ਼ਨ ਉਨ੍ਹਾਂ ਦੇ ਦਿਲ ਵਿਚ ਪਾਏਂ, ਹੋਰ ਛਡੇਂ ਤੂੰ ਤਦਬੀਰਾਂ
ਕਾਮਲ ਕਰਮ ਕਰੇ ਤੇਰੇ ਉਤੇ, ਤਾਂ ਮਾਫ ਹੋਣ ਤਕਸੀਰਾਂ
ਸੰਤਰੇਣ ਹੱਥ ਕਾਮਲ ਪਕੜੇ, ਕੀ ਖਾਤਰ ਸ਼ਾਹ ਵਜ਼ੀਰਾਂ ।੧੭।

ਐਨ ਅਨਾਇਤ ਜੋ ਹੋਵੈ ਤੈਨੂੰ, ਤਾਂ ਐਨ ਦਾ ਦਰਜਾ ਪਾਏਂ
ਐਨ ਗ਼ੈਨ ਵਿਚ ਫਰਕ ਨ ਕੋਈ, ਜੇ ਨੁਕਤਾ ਜ਼ਰਾ ਗਵਾਏਂ
ਸਭ ਜਾ ਐਨ ਜੇ ਐਨ ਕਰੇ ਤੂੰ, ਇਹੋ ਸਬਕ ਪਕਾਏਂ
ਸੰਤਰੇਣ ਜਾਂ ਗ਼ੈਰ ਨ ਰਹਿਆ, ਤਾਂ ਕਿਸ ਨੂੰ ਆਖ ਸੁਣਾਏਂ ।੧੮।

ਗ਼ੈਨ ਗ਼ਨੀਮਤ ਇਹੋ ਜਾਣੈ, ਜੇ ਦਿਲ ਦੁਨੀਆਂ ਤੋਂ ਟੁਟੇ
ਹਿਰਸ ਹਵਾਈ ਫਾਹੀ ਕੋਲੋਂ, ਕੋਈ ਵਿਰਲਾ ਇਸ ਥੋਂ ਛੁਟੇ
ਖ਼ੁਦੀ ਤਕੱਬਰ ਤੇ ਮਗ਼ਰੂਰੀ, ਇਸ ਬਹੁਤੇ ਘਰ ਪੁਟੇ
ਸੰਤਰੇਣ ਜੋ ਫਾਰਗ ਹੋਇ, ਤਿਨ੍ਹਾਂ ਖਾਸ ਖਜ਼ਾਨੇ ਲੁਟੇ ।੧੯।

ਫੇ ਫਾਰਗ਼ ਤੂੰ ਜੇ ਕਰ ਹੋਵੇਂ, ਤਾਂ ਚੁਕੀ ਸਭ ਮੁਹਤਾਜੀ
ਮਉਤ ਨ ਛਡਦੀ ਛੋਟੇ ਵਡੇ, ਕੀ ਸਾਹਿਬ ਕੀ ਪਾਜੀ
ਜੇ ਕੋਈ ਨੇਕ ਅਮਲਾਂ ਨੂੰ ਕਰਦਾ, ਉਸ ਤੇ ਸਾਹਿਬ ਰਾਜ਼ੀ
ਸੰਤਰੇਣ ਹੱਜ ਦਿਲ ਦਾ ਕਰੀਏ, ਤਾਂ ਘਰ ਵਿਚ ਹੋਵੇ ਹਾਜੀ ।੨੦।

ਕਾਫ ਕਿਨਾਇਤ ਕਰੇ ਜੇ ਕੋਈ, ਤਾਂ ਘਰ ਵਿਚ ਸਭ ਕਿਛੁ ਪਾਏ
ਨਾਲ ਕਿਨਾਇਤ ਸਾਂਈ ਮਿਲਦਾ, ਜੇ ਦਿਲ ਥੀਂ ਹਿਰਸ ਭੁਲਾਏ
ਕਰੇ ਕਨਾਇਤ ਤੇ ਪਕੜੇ ਗੋਸ਼ਾ, ਹਰਦਮ ਹਰਿ ਵਲਿ ਲਾਏ
ਸੰਤਰੇਣ ਰੱਬ ਹੋਵੈ ਰਾਜ਼ੀ, ਜੇ ਸਾਬਤ ਰਾਸ ਲੈ ਜਾਏ ।੨੧।

ਕਾਫ ਕਰਾਰ ਕਰਨੇ ਤੂੰ ਆਇਉਂ, ਤੇ ਇਥੇ ਆਇ ਭੁਲਾਇਆ
ਦੁਨੀਆਂ ਵਿਚ ਮਸ਼ਗੂਲ ਹੋ ਰਹਿਉਂ, ਕੁਝ ਹਥ ਨ ਜਿਸ ਦੇ ਆਇਆ
ਨਾਲ ਤਕਰਾਰ ਜੋ ਹੋਇਆ ਸਚਾ; ਖਾਸ ਕੋਈ ਉਹ ਆਇਆ
ਸੰਤਰੇਣ ਉਸ ਸਭ ਕਿਛੁ ਹਾਸਲ, ਜਿਸ ਕਦਮ ਅਗੇਰੇ ਪਾਇਆ ।੨੨।

ਗ਼ਾਫ ਗ਼ਰੂਰਤ ਕਿਸ ਨਾਲ ਕਰੀਏ; ਉਸ ਬਾਝੋਂ ਹੋਰ ਨ ਦਿਸੇ
ਕਰਮ ਕਰਨ ਜਿਸ ਤੇ ਸਾਈਂ ਵਾਲੇ, ਇਹ ਦੋਲਤ ਉਸ ਦੇ ਹਿਸੇ
ਜਿਤ ਵਲ ਵੇਖਾਂ ਤਿਤੇ ਵਲ ਦਿਸਦਾ, ਇਹ ਨਜ਼ਰ ਲਗੀ ਹਥ ਕਿਸੇ
ਸੰਤਰੇਣ ਉਹ ਮਾਲਕ ਸਭ ਦੇ, ਪਰ ਦਿਲ ਥੀਂ ਸਭਸੈ ਲਿਸੇ ।੨੩।

ਲਾਮ ਲਾਇਕ ਸਾਈਂ ਤੈਨੂੰ, ਕੀਤਾ ਚਉਰਾਸੀ ਤੇ ਬਾਹਰ
ਸਭ ਜਗ ਵਿਚ ਛਪਿਆ ਰਹਿੰਦਾ, ਅਤੇ ਤੁਧ ਵਿਚ ਹੋਂਦਾ ਜ਼ਾਹਰ
ਇਹ ਕਾਲਬ ਸਾਈਂ ਆਪ ਬਣਾਇਆ; ਅਪਣੇ ਮਿਲਣ ਦੀ ਠਾਹਰ
ਸੰਤਰੇਣ ਹੁਣ ਵਖਤ ਮਿਲਣ ਦਾ, ਨਹੀਂ ਫਿਰ ਕੋਈ ਤੇਰਾ ਵਾਹਰ ।੨੪।

ਮੀਮ ਮਲਾਹ ਜੇ ਮੁਰਸ਼ਦ ਹੋਵੈ; ਤਾਂ ਪਲ ਵਿਚ ਪਾਰ ਲੰਘਾਵੈ
ਉਸ ਵਲੋਂ ਕੁਝ ਢਿਲ ਨ ਹਰਿਗਿਜ਼, ਜੇ ਕੋਈ ਉਸ ਵਲ ਆਵੈ
ਲੜ ਕਾਮਲ ਦਾ ਮੁਹਕਮ ਪਕੜੇ, ਹੋਰ ਛਡ ਕੇ ਹਭੇ ਦਾਵੈ.
ਸੰਤਰੇਣ ਉਸ ਸ਼ੱਕ ਨ ਰਹਿਆ, ਜੋ ਨਜ਼ਰ ਕਾਮਲ ਦੀ ਪਾਵੈ ।੨੫।

ਨੂਨ ਨਹੀਂ ਉਹ ਦੂਰ ਕਿਤੇ ਵਲ, ਦਸ ਪਈ ਵਿਚ ਘਰ ਦੇ
ਇਕ ਮੱਕੇ ਜਾ ਜਾ ਹਾਜੀ ਬਣਦੇ, ਇਕ ਤੀਰਥ ਕਰਿ ਕਰਿ ਮਰਦੇ
ਜੇ ਟੁਕ ਅੰਦਰ ਵੜਕੇ ਵੇਖੇਂ, ਤਾਂ ਭਰੇ ਖਜ਼ਾਨੇ ਜ਼ਰ ਦੇ
ਸੰਤਰੇਣ ਜੋ ਵਾਸਲ ਹੋਏ, ਸੋ ਵਾਰਸ ਹੋਏ ਘਰ ਦੇ ।੨੬।

ਵਾਉ ਵਸਾਲ ਉਸੇ ਨੂੰ ਹੋਂਦਾ, ਜਿਸ ਕਦਮ ਫਕਰ ਵਲ ਪਾਇਆ
ਜੇ ਕੋਈ ਮਜਲਸ ਕਰੇ ਉਨ੍ਹਾਂ ਦੀ, ਉਸ ਨੁਕਤਾ ਹੱਥ ਆਇਆ
ਅਠੇ ਪੈਹਰ ਮਸ਼ਗੂਲ ਉਸੇ ਵਲ, ਅਤੇ ਹਰਦਮ ਕਦਮ ਜਵਾਇਆ
ਸੰਤਰੇਣ ਉਸ ਸਭ ਕਿਛ ਪਾਇਆ, ਜਿਸ ਖ਼ੈਰ ਫ਼ਕਰ ਦਾ ਪਾਇਆ ।੨੭।

ਹੇ ਹਿੰਮਤ ਸਾਈਂ ਤੈਨੂੰ ਦੇਵੈ, ਤਾਂ ਗ਼ੈਰ ਨਾ ਕਿਸੈ ਜਾਣੈਂ
ਨਹੀਂ ਕੋਈ ਗ਼ੈਰ ਇਹ ਪਾਇਆ ਭੁਲਾਵਾ, ਇਹ ਆਖਨ ਸਭ ਸਿਆਣੇ
ਜਿਤ ਵਲ ਵੇਖਨ ਤਿਤੇ ਵਲ ਦਿਸਦਾ, ਜੇ ਤੂੰ ਯਾਰ ਪਛਾਣੇਂ
ਸੰਤਰੇਣ ਮਿਲਦਾ ਸਚਿਆਂ ਗਾਂ, ਨਹੀਂ ਮਿਲਦਾ ਭਗਵੇ ਬਾਣੇ ।੨੮।

ਹਮਜ਼ਾ ਹਰ ਜਗ੍ਹਾਂ ਵਿਚ ਦਿਸੇ, ਤਾਂ ਗ਼ੈਰ ਨ ਕੋਈ ਰਹਿੰਦਾ
ਕੁਲ ਮੈਨ ਵਿਚ ਉਹ ਕੋਈ ਵੇਖੇ, ਜਿਹੜੇ ਤਖ਼ਤ ਯਕੀਂ ਦੇ ਬਹਿੰਦਾ
ਉਸ ਦੇ ਦਿਲ ਵਿਚ ਖੁਸ਼ੀ ਨ ਮਾਵੇ, ਅਤੇ ਜ਼ਿਕਰ ਅਨਲ ਹੱਕ ਕਹਿੰਦਾ
ਸੰਤ ਰੈਣ ਉਹ ਕੁਲ ਹੋਇ ਬਹਿੰਦਾ, ਜਾਂ ਦੂਈ ਦਾ ਨੁਕਤਾ ਢਹਿੰਦਾ ।੨੯।

ਜੇ ਯਾਰ ਅਸਾਨੂੰ ਗਲ ਲਗ ਮਿਲਦਾ, ਤਾਂ ਸੁਖਾਂ ਫੇਰਾ ਪਾਇਆ
ਦੁਖ ਗਏ ਹੁਣ ਨੱਸ ਅਸਾਂ ਥੀਂ, ਜਾਂ ਯਾਰ ਨੇ ਝੰਡਾ ਲਾਇਆ
ਇਹ ਸੁਖ ਵਿਚ ਬਹਿਸ਼ਤੀਂ ਨਾਹੀ, ਜਿਹੜਾ ਸੁਖ ਅਸਾਂ ਹੱਥ ਆਇਆ
ਸੰਤ ਰੈਣ ਬਖਸ਼ੀਸ਼ ਕਾਮਲ ਦੀ, ਸਾਨੂੰ ਸਭ ਜਾ ਨਜ਼ਰੀਂ ਆਇਆ ।੩੦।੪।



ਇਹ ਪੁਸਤਕ ਅਕਾਲ ਐਂਡ ਕੋ ਵਿਚ ਕੰਪੋਜ਼ ਹੋ ਕੇ ਮਾਸਟਰ
ਪ੍ਰਿੰਟਰਜ਼, ਸ਼ੇਰਾਂਵਾਲਾ ਗੇਟ, ਪਟਿਆਲਾ ਵਿਚ ਛਪੀ ।

ਪ੍ਰਕਾਸ਼ਕ–ਸਰਦਾਰ ਸਾਹਿੱਤ ਭਵਨ, ਪਟਿਆਲਾ ।